SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 10 | Monday, January 15, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਉੱਤੇ ਰੋਕ ਲਾਵੇਗਾ ਕੈਨੇਡਾ

## ਮਿਲਰ ਨੇ ਆਖਿਆ ਕਿ ਫੈਡਰਲ ਸਰਕਾਰ ਇਸ ਮੁੱਦੇ ਨੂੰ ਪ੍ਰੋਵਿੰਸ਼ੀਅਲ ਸਰਕਾਰਾਂ ਨਾਲ ਸਾਂਝਾ ਕਰੇਗੀ



ਓਟਵਾ, 14 ਜਨਵਰੀ (ਪੋਸਟ ਬਿਊਰੋ) : ਸ਼ਨਿੱਚਰਵਾਰ ਨੂੰ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਨੂੰ ਠੱਲ੍ਹ ਪਾਉਣ ਬਾਰੇ ਕੈਨੇਡਾ ਵਿਚਾਰ ਕਰ ਰਿਹਾ ਹੈ। ਹਾਲਾਂਕਿ ਉਨ੍ਹਾਂ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਕਿ ਇੰਟਰਨੈਸ਼ਨਲ ਸਟੂਡੈਂਟਸ ਦੀ ਗਿਣਤੀ ਵਿੱਚ ਕਿੰਨੀ ਕਟੌਤੀ ਕੀਤੀ ਜਾਵੇਗੀ ਪਰ ਮਿਲਰ ਨੇ ਆਖਿਆ ਕਿ ਸਿਸਟਮ ਕਾਬੂ ਤੋਂ ਬਾਹਰ ਹੋ ਚੁੱਕਿਆ ਹੈ।

ਮਿਲਰ ਨੇ ਆਖਿਆ ਕਿ ਫੈਡਰਲ ਸਰਕਾਰ ਇਸ ਮੁੱਦੇ ਨੂੰ ਪ੍ਰੋਵਿੰਸ਼ੀਅਲ ਸਰਕਾਰਾਂ ਨਾਲ ਸਾਂਝਾ ਕਰੇਗੀ। ਮਿਲਰ ਦਾ ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਦੇਸ਼ ਵਿੱਚ ਹਾਊਸਿੰਗ ਤੇ ਰੋਜ਼ਗਾਰ ਦਾ ਸੰਕਟ ਚੱਲ ਰਿਹਾ ਹੈ। ਲੋਕਲ ਮੀਡੀਆ ਵੱਲੋਂ ਜਾਰੀ ਕੀਤੀਆਂ ਗਈਆਂ ਰਿਪੋਰਟਾਂ ਅਨੁਸਾਰ ਫੈਡਰਲ ਸਰਕਾਰ ਨੂੰ ਪਬਲਿਕ ਸਰਵੈਂਟਸ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਉਸ ਦੇ ਇਮੀਗ੍ਰੇਸ਼ਨ ਦੇ ਟੀਚਿਆਂ ਕਾਰਨ ਹਾਊਸਿੰਗ ਸੰਕਟ ਖੜ੍ਹਾ ਹੋ ਸਕਦਾ ਹੈ। ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਕਿ ਕੈਨੇਡਾ ਵਿੱਚ ਉਪਲਬਧ ਘਰਾਂ ਨਾਲੋਂ ਆਬਾਦੀ ਕਾਫੀ ਜ਼ਿਆਦਾ ਵੱਧ ਚੁੱਕੀ ਹੈ।

2023 ਦੀ ਤੀਜੀ ਤਿਮਾਹੀ ਦੌਰਾਨ ਦੇਸ਼ ਦੀ ਆਬਾਦੀ ਵਿੱਚ 430,000 ਤੋਂ ਵੀ ਜ਼ਿਆਦਾ ਦਾ ਵਾਧਾ ਦਰਜ ਕੀਤਾ ਗਿਆ। 1957 ਤੋਂ ਬਾਅਦ ਹੋਇਆ ਇਹ ਸੱਭ ਤੋਂ ਜ਼ਿਆਦਾ ਵਾਧਾ ਹੈ। ਪਬਲਿਕ ਓਪੀਨੀਅਨ ਪੋਲਜ਼ ਤੋਂ ਵੀ ਇਹ ਸਾਹਮਣੇ ਆਇਆ ਹੈ ਕਿ ਇਮੀਗ੍ਰੇਸ਼ਨ ਕਾਰਨ ਸਰਵਿਸਿਜ਼, ਇਨਫਰਾਸਟ੍ਰਕਚਰ ਤੇ ਹਾਊਸਿੰਗ ਆਦਿ ਉੱਤੇ ਜਿਹੜਾ ਦਬਾਅ ਪੈ ਰਿਹਾ ਹੈ ਉਸ ਨੂੰ ਲੈ ਕੇ ਕੈਨੇਡੀਅਨ ਕਾਫੀ ਚਿੰਤਤ ਹਨ। ਮਿਲਰ ਅਨੁਸਾਰ ਸਰਕਾਰ ਇਸ ਸਾਲ ਦੀ ਪਹਿਲੀ ਤੇ ਦੂਜੀ ਛਿਮਾਹੀ ਦੀ ਨਿਗਰਾਨੀ ਕਰਨ ਤੋਂ ਬਾਅਦ ਹੀ ਇਹ ਫੈਸਲਾ ਕਰੇਗੀ ਕਿ ਇੰਟਰਨੈਸ਼ਨਲ ਸਟੂਡੈਂਟਸ ਦੀ ਕੈਨੇਡਾ ਆਮਦ ਉੱਤੇ ਕਿੰਨੀ ਰੋਕ ਲਾਉਣੀ ਹੈ ਤਾਂ ਕਿ ਹਾਊਸਿੰਗ ਦੀ ਮੰਗ ਨੂੰ ਨਿਯੰਤਰਿਤ ਕੀਤਾ ਜਾ ਸਕੇ।

ਉਦਯੋਗਿਕ ਇਮਾਰਤ | ਵਿਕਰੀ ਲਈ
CBRE
ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:
Fraser McKenna* fraser.mckenna@cbre.com
Joseph Cattana* joseph.cattana@cbre.com
Ted Peters* ted.peters@cbre.com

## ਚੱਲਦੀ ਗੱਡੀ ਵਿੱਚੋਂ ਮਸ਼ਕੂਕਾਂ ਨੇ ਤਿੰਨ ਵਿਅਕਤੀਆਂ ਨੂੰ ਮਾਰੀ ਗੋਲੀ, ਦੋ ਜ਼ਖ਼ਮੀ




ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਇੱਕ ਘੰਟੇ ਦੇ ਅੰਦਰ ਚੱਲਦੀ ਗੱਡੀ ਵਿੱਚੋਂ ਤਿੰਨ ਥਾਂਵਾਂ ਉੱਤੇ ਚਲਾਈ ਗਈ ਗੋਲੀ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਟੋਰਾਂਟੋ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਬੀਤੇ ਦਿਨੀਂ ਇਹ ਘਟਨਾ ਸਿਟੀ ਦੇ ਨੌਰਥਵੈਸਟ ਹਿੱਸੇ ਵਿੱਚ ਵਾਪਰੀ। ਪੁਲਿਸ ਅਧਿਕਾਰੀਆਂ ਨੂੰ ਰਾਤੀਂ 9:00 ਵਜੇ ਜੇਨ ਸਟਰੀਟ ਤੇ ਗ੍ਰੈਂਡਰੇਵੀਨ ਡਰਾਈਵ ਇਲਾਕੇ ਵਿੱਚ ਸੱਦਿਆ ਗਿਆ। ਇਕ ਬੱਸ ਸ਼ੈਲਟਰ ਉੱਤੇ ਇੱਕ 20 ਸਾਲਾ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ ਉਸ ਨੂੰ ਹਸਪਤਾਲ ਲਿਜਾਇਆ ਗਿਆ। ਬੱਸ ਸ਼ੈਲਟਰ ਉੱਤੇ ਕਈ ਗੋਲੀਆਂ ਦੇ ਨਿਸ਼ਾਨ ਪਾਏ ਗਏ। ਜੇਨ ਸਟਰੀਟ ਨੂੰ ਜਾਂਚ ਲਈ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਇਸ ਨੂੰ ਖੋਲ੍ਹ ਦਿੱਤਾ ਗਿਆ।

ਫਿਰ ਪੁਲਿਸ ਅਧਿਕਾਰੀਆਂ ਨੂੰ ਰਾਤੀਂ 9:30 ਵਜੇ ਕਿਪਲਿੰਗ ਐਵਨਿਊ ਤੇ ਡਿਕਸਨ ਰੋਡ ਉੱਤੇ ਗੋਲੀਆਂ ਚੱਲਣ ਦੀ ਖਬਰ ਦੇ ਕੇ ਸੱਦਿਆ ਗਿਆ। ਕੁੱਝ ਚਿਰ ਪਿੱਛੋਂ ਹੀ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਿਆ। ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਗਈ। ਪੁਲਿਸ ਨੇ ਦੱਸਿਆ ਕਿ ਰਾਤੀਂ 10:00 ਵਜੇ ਆਰਮਲ ਕੋਰਟ ਨੇੜੇ ਐਲਬੀਅਨ ਰੋਡ ਤੇ ਚੱਲਦੀ ਗੱਡੀ ਵਿੱਚੋਂ ਕਿਸੇ ਵੱਲੋਂ ਇੱਕ ਵਿਅਕਤੀ ਨੂੰ ਗੋਲੀ ਮਾਰੀ ਗਈ। ਜਿਸ ਵਿਅਕਤੀ ਨੂੰ ਗੋਲੀ ਮਾਰੀ ਗਈ ਉਹ ਜ਼ਖ਼ਮੀ ਨਹੀਂ ਹੋਇਆ ਪਰ ਉਸ ਦੀ ਕਾਰ ਇੱਕ ਹੋਰ ਕਾਰ ਨਾਲ ਜਾ ਟਕਰਾਈ। ਜਾਂਚਕਾਰਾਂ ਨੇ ਦੱਸਿਆ ਕਿ ਇਨ੍ਹਾਂ ਘਟਨਾਵਾਂ ਨੂੰ ਇੱਕੋ ਗੱਡੀ ਵਿੱਚੋਂ ਅੰਜਾਮ ਦਿੱਤਾ ਗਿਆ। ਇਹ ਕਾਲੇ ਰੰਗ ਦੀ ਐਸਯੂਵੀ ਦੱਸੀ ਜਾਂਦੀ ਹੈ ਤੇ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਇਨ੍ਹਾਂ ਤਿੰਨਾਂ ਘਟਨਾਵਾਂ ਨੂੰ ਇੱਕੋ ਮਸ਼ਕੂਕ ਜਾਂ ਬਹੁਤੇ ਮਸ਼ਕੂਕਾਂ ਨੇ ਅੰਜਾਮ ਦਿੱਤਾ।

## ਇੱਕ ਵਿਅਕਤੀ ਉੱਤੇ ਹਮਲਾ ਕਰਨ ਵਾਲੇ ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ



ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਰਿਵਰਡੇਲ ਵਿੱਚ ਹੋਏ ਹਮਲੇ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਮਸ਼ਕੂਕ ਦੀ ਭਾਲ ਕਰ ਰਹੀ ਹੈ।

ਜਾਂਚਕਾਰਾਂ ਨੇ ਦੱਸਿਆ ਕਿ 3 ਨਵੰਬਰ, 2023 ਨੂੰ ਸਵੇਰੇ 5:00 ਵਜੇ ਤੋਂ ਪਹਿਲਾਂ ਡੈਨਫੋਰਥ ਤੇ ਯੂਸਟਨ ਐਵਨਿਊਜ਼ ਇਲਾਕੇ ਵਿੱਚ ਮਸ਼ਕੂਕ ਤੇ ਇੱਕ ਹੋਰ ਵਿਅਕਤੀ ਵਿੱਚ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੇ ਦੂਜੇ ਵਿਅਕਤੀ ਉੱਤੇ ਹਮਲਾ ਕਰ ਦਿੱਤਾ। ਉਸ ਵਿਅਕਤੀ ਨੂੰ ਇਸ ਹਮਲੇ ਵਿੱਚ ਮਾਮੂਲੀ ਸੱਟਾਂ ਲੱਗੀਆਂ।

ਮਸ਼ਕੂਕ ਸਬੰਧੀ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਸ ਦਾ ਕੱਦ ਛੇ ਫੁੱਟ ਕੱਦਕਾਠੀ ਦਰਮਿਆਨੀ, ਨਿੱਕੀ ਦਾੜ੍ਹੀ ਤੇ ਨਿੱਕੇ ਗੁੰਦੇ ਹੋਏ ਵਾਲ ਹਨ। ਉਸ ਨੂੰ ਆਖਰੀ ਵਾਰੀ ਗ੍ਰੇਅ ਜੈਕੇਟ, ਕਾਲੀ ਪੈਂਟ ਤੇ ਰਨਿੰਗ ਜੁੱਤੇ ਪਾਇਆਂ ਵੇਖਿਆ ਗਿਆ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਜ਼ਖ਼ਮੀ



ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਸ਼ੁੱਕਰਵਾਰ ਸਵੇਰੇ ਟੋਰਾਟੋ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਐਮਰਜੰਸੀ ਅਮਲੇ ਨੂੰ ਤੜ੍ਹਕੇ 5:30 ਵਜੇ ਹਾਦਸੇ ਦੀ ਜਾਣਕਾਰੀ ਦੇ ਕੇ ਯੰਗ ਸਟਰੀਟ ਤੇ ਲਾਅਰੈਂਸ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਸੱਦਿਆ ਗਿਆ। ਅਮਲੇ ਨੂੰ ਇੱਕ ਰਾਹਗੀਰ ਦੇ ਜ਼ਖ਼ਮੀ ਹੋਣ ਦੀ ਖਬਰ ਦਿੱਤੀ ਗਈ। ਇੱਕ ਮਹਿਲਾ, ਜੋ ਕਿ ਆਪਣੇ 50ਵਿਆਂ ਵਿੱਚ ਸੀ, ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਹਾਦਸੇ ਵਿੱਚ ਸ਼ਾਮਲ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਚੇਅਰਲਿਫਟ ਤੋਂ ਡਿੱਗਣ ਕਾਰਨ 15 ਸਾਲਾ ਲੜਕੇ ਦੀ ਹੋਈ ਮੌਤ



ਮਾਂਟਰੀਅਲ, 14 ਜਨਵਰੀ (ਪੋਸਟ ਬਿਊਰੋ) : ਮਾਂਟਰੀਅਲ ਤੋਂ 90 ਕਿਲੋਮੀਟਰ ਉੱਤਰ ਪੱਛਮ ਵੱਲ ਮੌਰਿਨ ਹਾਈਟਸ, ਕਿਊਬਿਕ ਵਿੱਚ ਸਕੀ ਹਿੱਲ ਉੱਤੇ ਚੇਅਰਲਿਫਟ ਤੋਂ ਹੇਠਾਂ ਡਿੱਗ ਜਾਣ ਕਾਰਨ 15 ਸਾਲਾ ਲੜਕੇ ਦੀ ਮੌਤ ਹੋ ਗਈ।

ਪ੍ਰੋਵਿੰਸ਼ੀਅਲ ਪੁਲਿਸ (ਐਸਕਿਊ) ਦੇ ਬੁਲਾਰੇ ਕੈਮਿਲ ਸੈਵੋਇ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਸੋਮੇਟ ਮੌਰਿਨ ਹਾਈਟਸ ਰਿਜ਼ਾਰਟ ਵਿੱਚ ਰਾਤੀਂ 10:00 ਵਜੇ ਤੋਂ ਪਹਿਲਾਂ ਇਹ ਘਟਨਾ ਵਾਪਰੀ। ਲੜਕੇ ਨੂੰ ਹਸਪਤਾਲ ਲਿਜਾਏ ਜਾਣ ਤੋਂ ਪਹਿਲਾਂ ਪੈਰਾਮੈਡਿਕਸ ਤੇ ਰਿਜ਼ਾਰਟ ਦੇ ਸਟਾਫ ਵੱਲੋਂ ਉਸ ਨੂੰ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ ਪਰ ਉਹ ਕਾਮਯਾਬ ਨਹੀਂ ਹੋ ਸਕੇ। ਹਸਪਤਾਲ ਵਿੱਚ ਲੜਕੇ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਐਸਕਿਊ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਹ ਵੀ ਆਖਿਆ ਗਿਆ ਕਿ ਇਹ ਮਾਮਲਾ ਕਿਸੇ ਵੀ ਪੱਖੋਂ ਮੁਜਰਮਾਨਾਂ ਨਹੀਂ ਲੱਗ ਰਿਹਾ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

MagGas Medical Brampton
MGM
MAGGAS MEDICAL INC.
Helping you breathe deep and rest easy.
CPAP
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
Real Estate
Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Brokerage Lic. 12538
Harpreet Singh Goraya
Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ

ਆਇਆ ਬਾਜ਼ ਨਾ ਬਾਈ ਨਵਜੋਤ ਸਿੱਧੂ,
ਜਲਸਾ ਹੋਰ ਇੱਕ ਲਿਆ ਹੈ ਰੱਖ ਮੀਆਂ।
ਮੋਗੇ ਵਿੱਚ ਉਹ ਲੱਗਾ ਈ ਕਰਨ ਜਲਸਾ,
ਜ਼ਿਲੇ ਦੇ ਲੀਡਰ ਖੜੋਤੇ ਸਭ ਵੱਖ ਮੀਆਂ।
ਸੂਬਾ ਪਾਰਟੀ ਮੁੜ-ਮੁੜ ਵਿਰੋਧ ਕਰਦੀ,
ਅਸਰ ਸਿੱਧੂ ’ਤੇ ਪਿਆ ਨਾ ਕੱਖ ਮੀਆਂ।
ਰੱਖਣੀ ਇਕੱਠੀ ਇਹ ਲੋੜਦੇ ਪਾਰਟੀ ਨੂੰ,
ਹੋਰ ਥਾਂ ਲੱਗੀ ਆ ਸਿੱਧੂ ਦੀ ਅੱਖ ਮੀਆਂ।
ਦਬਕਾ ਛੱਡੇ ਡਿਸਿਪਲਿਨ ਦਾ ਪਿਆ ਕੋਈ,
ਅੱਥਰਾ ਘੋੜਾ ਨਾ ਆਊ ਇਹ ਵੱਸ ਮੀਆਂ।
ਕਿੰਨੇ ਕੁ ਦਿਨ ਉਹ ਰਹੇਗਾ ਪਾਰਟੀ ਵਿੱਚ,
ਕੋਈ ਵੀ ਸਕਦਾ ਨਜੂਮੀ ਨਾ ਦੱਸ ਮੀਆਂ।

**ਤੀਸ ਮਾਰ ਖਾਂ**

# ਮਾਲਦੀਵ ਦੇ ਰਾਸ਼ਟਰਪਤੀ ਨੇ ਕਿਹਾ, ਸਾਨੂੰ ਕੋਈ ਧਮਕੀ ਨਹੀਂ ਦੇ ਸਕਦਾ, ਚੀਨ ਸਾਡੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦਿੰਦਾ



ਮਾਲੇ, 14 ਜਨਵਰੀ (ਪੋਸਟ ਬਿਊਰੋ): ਚੀਨ ਤੋਂ ਪਰਤੇ ਮਾਲਦੀਵ ਦੇ ਰਾਸ਼ਟਰਪਤੀ ਮੁਈਜ਼ੂ ਨੇ ਬਿਨ੍ਹਾਂ ਨਾਮ ਲਏ ਭਾਰਤ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਦੇਸ਼ ਛੋਟਾ ਹੈ ਪਰ ਇਸਦਾ ਮਤਲਬ ਇਹ ਨਹੀਂ ਕਿ ਤੁਹਾਨੂੰ ਸਾਨੂੰ ਧਮਕੀ ਦੇਣ ਦਾ ਲਾਈਸੈਂਸ ਮਿਲ ਗਿਆ ਹੈ। ਚੀਨ ਦੇ 5 ਦਿਨਾਂ ਦੌਰੇ ਤੋਂ ਪਰਤੇ ਰਾਸ਼ਟਰਪਤੀ ਮੁਈਜ਼ੂ ਤੋਂ ਵੇਲਾਨਾ ਹਵਾਈ ਅੱਡੇ 'ਤੇ ਭਾਰਤ ਨਾਲ ਤਣਾਅ ਨੂੰ ਲੈ ਕੇ ਪੁੱਛਗਿੱਛ ਕੀਤੀ ਗਈ। ਇਸ ਦੇ ਜਵਾਬ ਵਿੱਚ ਉਨ੍ਹਾਂ ਕਿਹਾ- ਮਾਲਦੀਵ ਇੱਕ ਛੋਟਾ ਅਤੇ ਆਜ਼ਾਦ ਦੇਸ਼ ਹੈ। ਸਿਰਫ਼ ਇਸ ਲਈ ਕਿ ਅਸੀਂ ਛੋਟੇ ਹਾਂ ਤੁਹਾਨੂੰ ਸਾਡੇ ਨਾਲ ਧੱਕੇਸ਼ਾਹੀ ਕਰਨ ਦਾ ਲਾਈਸੈਂਸ ਨਹੀਂ ਦਿੰਦਾ। ਫਿਲਹਾਲ ਭਾਰਤ ਨੇ ਉਨ੍ਹਾਂ ਦੀ ਟਿੱਪਣੀ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

ਮੁਈਜ਼ੂ 8 ਤੋਂ 13 ਜਨਵਰੀ ਤੱਕ ਚੀਨ ਵਿੱਚ ਸੀ। ਇੱਥੋਂ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੇ ਚੀਨ ਦੀ ਤਾਰੀਫ ਕੀਤੀ। ਕਿਹਾ- ਚੀਨ ਨੇ ਸਾਡੇ ਅੰਦਰੂਨੀ ਮਾਮਲਿਆਂ 'ਚ ਦਖਲ ਨਹੀਂ ਦਿੱਤਾ। ਚੀਨ ਨੇ ਇਹ ਵੀ ਕਿਹਾ ਕਿ ਇਹ ਸਾਡੇ ਕਿਸੇ ਵੀ ਘਰੇਲੂ ਮਾਮਲੇ ਨੂੰ ਪ੍ਰਭਾਵਿਤ ਨਹੀਂ ਕਰੇਗਾ।

ਦਰਅਸਲ, ਪ੍ਰਧਾਨ ਮੰਤਰੀ ਮੋਦੀ ਦੇ ਲਕਸ਼ਦੀਪ ਦੌਰੇ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਹੈ। ਪੀਐਮ ਮੋਦੀ ਨੇ ਲਕਸ਼ਦੀਪ ਦੌਰੇ ਦਾ ਵੀਡੀਓ ਸ਼ੇਅਰ ਕੀਤਾ ਸੀ। ਇਸ 'ਤੇ ਮਾਲਦੀਵ ਦੇ ਮੰਤਰੀਆਂ ਨੇ ਇਤਰਾਜ਼ਯੋਗ ਟਿੱਪਣੀ ਕੀਤੀ ਸੀ। ਭਾਰਤ ਦੇ ਸੈਰ ਸਪਾਟਾ ਖੇਤਰ ਵਿੱਚ ਸਹੂਲਤਾਂ ਬਾਰੇ ਵੀ ਟਿੱਪਣੀਆਂ ਕੀਤੀਆਂ ਗਈਆਂ। ਇਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ #BoycottMaldives ਟ੍ਰੈਂਡ ਕਰਨ ਲੱਗਾ ਸੀ।

# ਬ੍ਰਿਟਿਸ਼ ਰਾਜਦੂਤ ਪਾਕਿਸਤਾਨ ਗਏ, ਭਾਰਤ ਨੇ ਜਤਾਇਆ ਵਿਰੋਧ



ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਭਾਰਤ ਨੇ ਪਾਕਿ-ਸਤਾਨ ਵਿੱਚ ਬ੍ਰਿਟਿਸ਼ ਰਾਜਦੂਤ ਜੇਨ ਮੈਰੀਅਟ ਦੇ ਪੀਓਕੇ ਦੌਰੇ ਦਾ ਵਿਰੋਧ ਕੀਤਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਸ ਤਰ੍ਹਾਂ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ। ਜੰਮੂ-ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਸੀ, ਹੈ ਅਤੇ ਰਹੇਗਾ।

ਇਸ ਤੋਂ ਇਲਾਵਾ ਭਾਰਤ ਨੇ ਦੇਸ਼ ਵਿੱਚ ਮੌਜੂਦ ਬ੍ਰਿਟਿਸ਼ ਹਾਈ ਕਮਿਸ਼ਨਰ ਅੱਗੇ ਵੀ ਰੋਸ ਪ੍ਰਗਟ ਕੀਤਾ ਹੈ। ਦਰਅਸਲ, ਪਾਕਿਸਤਾਨ ਵਿੱਚ ਬ੍ਰਿਟੇਨ ਦੀ ਰਾਜਦੂਤ ਜੇਨ 10 ਜਨਵਰੀ ਨੂੰ ਪੀਓਕੇ ਦੇ ਮੀਰਪੁਰ ਗਈ ਸੀ। ਇਹ ਦੌਰਾ ਉਸ ਸਮੇਂ ਹੋਇਆ ਜਦੋਂ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਲੰਡਨ ਵਿੱਚ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਹੋਰ ਬ੍ਰਿਟਿਸ਼ ਨੇਤਾਵਾਂ ਨਾਲ ਮੁਲਾਕਾਤ ਕਰ ਰਹੇ ਸਨ।

ਪਾਕਿਸਤਾਨੀ ਮੀਡੀਆ ਮੁਤਾਬਕ ਜੇਨ ਪੀਓਕੇ ਦਾ ਦੌਰਾ ਕਰਨ ਵਾਲੀ ਪਹਿਲੀ ਮਹਿਲਾ ਬ੍ਰਿਟਿਸ਼ ਰਾਜਦੂਤ ਹੈ। ਸੋਸ਼ਲ ਮੀਡੀਆ 'ਤੇ ਪੀਓਕੇ ਯਾਤਰਾ ਨਾਲ ਜੁੜੀਆਂ ਤਸਵੀਰਾਂ ਸ਼ੇਅਰ ਕਰਦੇ ਹੋਏ ਜੇਨ ਨੇ ਲਿਖਿਆ- ਮੀਰਪੁਰ ਤੋਂ ਸ਼ੁਭਕਾਮਨਾਵਾਂ। ਇਹ ਬ੍ਰਿਟੇਨ ਅਤੇ ਪਾਕਿਸਤਾਨ ਦੇ ਲੋਕਾਂ ਦੇ ਆਪਸੀ ਸਬੰਧਾਂ ਦਾ ਕੇਂਦਰ ਹੈ। 70% ਬਰਤਾਨਵੀ ਪਾਕਿਸਤਾਨੀਆਂ ਦੀਆਂ ਜੜ੍ਹਾਂ ਮੀਰਪੁਰ ਵਿੱਚ ਹਨ, ਜਿਸ ਨਾਲ ਸਾਡਾ ਇਕੱਠੇ ਕੰਮ ਕਰਨਾ ਪ੍ਰਵਾਸੀ ਹਿੱਤਾਂ ਲਈ ਜ਼ਰੂਰੀ ਹੈ।

ਇਸ ਤੋਂ ਪਹਿਲਾਂ ਪਿਛਲੇ ਸਾਲ ਅਕਤੂਬਰ 'ਚ ਪਾਕਿਸਤਾਨ 'ਚ ਅਮਰੀਕੀ ਰਾਜਦੂਤ ਡੋਨਾਲ ਬਲੋਮ ਨੇ ਵੀ ਪੀਓਕੇ ਦੇ ਮੁਜ਼ੱਫਰਾਬਾਦ ਦਾ ਦੌਰਾ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਇਸ ਨੂੰ ਪਾਕਿਸਤਾਨ ਦੇ ਆਜ਼ਾਦ ਕਸ਼ਮੀਰ ਦਾ ਹਿੱਸਾ ਦੱਸਿਆ ਸੀ। ਭਾਰਤ ਨੇ ਵੀ ਅਮਰੀਕੀ ਰਾਜਦੂਤ ਦੇ ਦੌਰੇ ਦਾ ਵਿਰੋਧ ਕੀਤਾ ਸੀ।

# ਸੀ ਜੀ ਸੀ ਝੰਜੇੜੀ ਕੈਂਪਸ ਦੇ ਵਿਦਿਆਰਥੀਆਂ ਨੇ ਮਨਾਇਆ ਲੋਹੜੀ ਦਾ ਤਿਉਹਾਰ




ਮੋਹਾਲੀ, 12 ਜਨਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼ ਦੇ ਝੰਜੇੜੀ ਕੈਂਪਸ ਵਿਖੇ ਲੋਹੜੀ ਦਾ ਤਿਉਹਾਰ ਸਮੁੱਚੀ ਦੁਨੀਆਂ ਨੂੰ ਨਸ਼ੇ ਵਿਰੁੱਧ ਲਾਮਬੰਦ ਹੋਣ ਦਾ ਸੁਨੇਹਾ ਦਿੰਦੇ ਹੋਏ ਧੂਮ-ਧਾਮ ਨਾਲ ਮਨਾਇਆ ਗਿਆ। ਨਵੀਂ ਜ਼ਿੰਦਗੀ ਦਾ ਪ੍ਰਤੀਕ ਤਿਉਹਾਰ ਲੋਹੜੀ ਦੀ ਪੂਰਵ ਸੰਧਿਆ ਮੌਕੇ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਅਤੇ ਐਮ ਡੀ ਅਰਸ਼ ਧਾਲੀਵਾਲ ਨੇ ਲੋਹੜੀ ਜਲਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਜਦ ਕਿ ਖ਼ੂਬਸੂਰਤ ਸਮਾਰੋਹ ਵਿਚ ਸਟਾਫ਼ ਮੈਂਬਰ ਅਤੇ ਸਭ ਵਿਭਾਗਾਂ ਦੇ ਵਿਦਿਆਰਥੀਆ ਨੇ ਵੀ ਹਿੱਸਾ ਲਿਆ। ਕੈਂਪਸ ਡਾਇਰੈਕਟਰ ਡਾ. ਨੀਰਜ ਸ਼ਰਮਾ ਨੇ ਸਭ ਨੂੰ ਜੀ ਆਇਆ ਕਹਿੰਦੇ ਹੋਏ ਸਮਾਗਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਸਰਦੀਆਂ ਦੇ ਸਿਖਰ ਨੂੰ ਦਰਸਾਉਂਦੇ ਇਸ ਤਿਉਹਾਰ ਦੇ ਇਤਿਹਾਸ ਅਤੇ ਪਿਛੋਕੜ ਬਾਰੇ ਜਾਣੂ ਕਰਵਾਇਆ ਗਿਆ। ਵਿਦਿਆਰਥੀਆਂ ਵੱਲੋਂ ਲੋਕ ਗੀਤ, ਸੋਲੋ ਡਾਂਸ, ਡੁਏਟ ਡਾਂਸ, ਸ਼ਾਇਰੀ, ਸੋਲੋ ਗਾਇਨ ਆਦਿ ਕਈ ਜੀਵੰਤ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਤੇ ਕਾਲਜ ਕੈਂਪਸ ਦਾ ਮਾਹੌਲ ਕਾਫੀ ਉਤਸ਼ਾਹ ਪੂਰਨ ਨਜ਼ਰ ਆ ਰਿਹਾ ਸੀ। ਲੋਹੜੀ ਦੇ ਅਵਸਰ ਤੇ ਵਿਦਿਆਰਥੀਆਂ ਵੱਲੋਂ ਕਈ ਲੋਕ ਗੀਤ,ਬੋਲੀਆਂ ਅਤੇ ਡਾਸ ਪੇਸ਼ ਕੀਤੇ ਗਏ ਪਰ ਬੋਲੀਆਂ ਨੇ ਸਭ ਦਾ ਦਿਲ ਜਿਤ ਲਿਆ। ਇਸ ਮੌਕੇ ਤੇ ਲੋੜਵੰਦਾਂ ਵਿਚ ਠੰਢ ਦੇ ਚੱਲਦਿਆਂ ਗਰਮ ਕਪੜੇ ਅਤੇ ਸਾਮਾਨ ਵੰਡਿਆ ਗਿਆ।

ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਇਸ ਮੌਕੇ ਤੇ ਸਭ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਸੀ ਉਮੀਦ ਕਰਦੇ ਹਾ ਕਿ ਲੋਹੜੀ ਵਿਦਿਆਰਥੀਆ ਅਤੇ ਅਧਿਆਪਕਾਂ ਦੇ ਜੀਵਨ ਵਿਚ ਖੁਸੀਆ ਲੈ ਕੇ ਆਵੇ। ਉਨ੍ਹਾਂ ਨੌਜਵਾਨਾਂ ਨੂੰ ਨਸ਼ੇ ਦੀ ਲਾਹਨਤ ਵਿਰੁੱਧ ਲਾਮਬੰਦ ਹੁੰਦੇ ਹੋਏ ਨਾ ਤਾਂ ਆਪ ਨਸ਼ਾ ਕਰਨ ਅਤੇ ਨਾ ਹੀ ਦੂਜਿਆਂ ਨੂੰ ਕਰਨ ਦੇਣ ਦੀ ਪ੍ਰੇਰਨਾ ਦਿੰਦੇ ਹੋਏ ਸਮਾਜ ਲਈ ਬਣਦੇ ਜਾ ਰਹੇ ਇਸ ਨਾਸੂਰ ਨੂੰ ਖ਼ਤਮ ਕਰਨ ਲਈ ਕਿਹਾ । ਇਸ ਦੇ ਨਾਲ ਹੀ ਪ੍ਰੈਜ਼ੀਡੈਂਟ ਧਾਲੀਵਾਲ ਨੇ ਲਿੰਗ ਅਨੁਪਾਤ ਦੀ ਗਿਰਾਵਟ ਤੇ ਗੰਭੀਰਤਾ ਜਤਾਉਂਦੇ ਹੋਏ ਕਿਹਾ ਕਿ ਲੜਕੀਆਂ ਦਾ ਪਰਿਵਾਰ ਵਿਚ ਸਮਾਨ ਰੂਪ ਵਿਚ ਸਵਾਗਤ ਕੀਤਾ ਜਾਣਾ ਚਾਹੀਦਾ ਹੈ ਅਤੇ ਲੋਹੜੀ ਦਾ ਜਸ਼ਨ ਨਵਜਾਤ ਲੜਕੇ ਅਤੇ ਲੜਕੀਆਂ ਦੋਹਾ ਲਈ ਮਨਾਉਣਾ ਚਾਹੀਦਾ ਹੈ। ਅਖੀਰ ‘ਚ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਸਾਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਿੰਦੇ ਹੋਏ ਉਨ੍ਹਾਂ ਦੇ ਸਫਲ ਜੀਵਨ ਦੀ ਕਾਮਨਾ ਕੀਤੀ।

# ਯੂਕਰੇਨ ਵਿਚ 8 ਹਜ਼ਾਰ ਕਰੋੜ ਰੁਪਏ ਦੇ ਅਮਰੀਕੀ ਹਥਿਆਰ ਗਾਇਬ



ਕੀਵ, 14 ਜਨਵਰੀ (ਪੋਸਟ ਬਿਊਰੋ): ਰੂਸ ਨਾਲ ਜੰਗ ਲੜਨ ਲਈ ਯੂਕਰੇਨ ਦੀ ਮੱਦਦ ਕਰਨ ਵਾਲੇ ਅਮਰੀਕਾ ਨੂੰ ਇਹ ਨਹੀਂ ਪਤਾ ਕਿ ਉਸ ਵੱਲੋਂ ਦਿੱਤੇ 1 ਅਰਬ ਡਾਲਰ ਯਾਨੀ 8 ਹਜ਼ਾਰ ਕਰੋੜ ਰੁਪਏ ਦੇ ਹਥਿਆਰ ਕਿੱਥੇ ਹਨ। ਅਮਰੀਕਾ ਦੇ ਰੱਖਿਆ ਮੰਤਰਾਲੇ ਪੈਂਟਾਗਨ ਦੀ ਆਡਿਟ ਰਿਪੋਰਟ 'ਚ ਇਹ ਖੁਲਾਸਾ ਹੋਇਆ ਹੈ।

ਪੈਂਟਾਗਨ ਦੇ ਇੰਸਪੈਕਟਰ ਜਨਰਲ ਮੁਤਾਬਕ ਯੂਕਰੇਨ ਨੂੰ ਭੇਜੇ ਗਏ 8 ਹਜ਼ਾਰ ਕਰੋੜ ਰੁਪਏ ਦੇ ਹਥਿਆਰਾਂ ਦਾ ਕੋਈ ਰਿਕਾਰਡ ਨਹੀਂ ਮਿਲਿਆ ਹੈ। ਸ਼ੱਕ ਪੈਦਾ ਕੀਤਾ ਗਿਆ ਹੈ ਕਿ ਅਰਬਾਂ ਡਾਲਰ ਦੇ ਹਥਿਆਰ ਜਾਂ ਤਾਂ ਕਿਤੇ ਹੋਰ ਭੇਜੇ ਗਏ ਹਨ ਜਾਂ ਲੁੱਟੇ ਗਏ ਹਨ।

ਨਿਊਜ਼ ਏਜੰਸੀ ਏਐਫਪੀ ਅਨੁਸਾਰ, ਰੱਖਿਆ ਵਿਭਾਗ ਦੇ ਦਫਤਰ ਨੇ ਵੀਰਵਾਰ ਨੂੰ ਦਿਖਾਇਆ ਕਿ ਯੂਕਰੇਨ ਨੂੰ ਦਿੱਤੀ ਗਈ 1.7 ਬਿਲੀਅਨ ਡਾਲਰ ਦੀ ਸਹਾਇਤਾ ਵਿੱਚੋਂ 59% ਯਾਨੀ ਲਗਭਗ 1 ਬਿਲੀਅਨ ਡਾਲਰ ਗਾਇਬ ਸੀ। ਇਹ ਰਿਪੋਰਟ ਅਜਿਹੇ ਸਮੇਂ 'ਚ ਆਈ ਹੈ ਜਦੋਂ ਅਮਰੀਕਾ ਦੀ ਰਿਪ-ਬਲਿਕਨ ਪਾਰਟੀ ਯੂਕਰੇਨ ਅਤੇ ਇਜ਼ਰਾਈਲ ਨੂੰ ਦਿੱਤੀ ਜਾਣ ਵਾਲੀ 105 ਅਰਬ ਡਾਲਰ ਦੀ ਮਦਦ ਨੂੰ ਰੋਕ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਸੰਧਵਾ ਨੇ ਕੋਟਕਪੂਰਾ ਵਿਖੇ ਬਲਜੀਤ ਮੈਟਰਨਿਟੀ ਐਂਡ ਨਰਸਿੰਗ ਹੋਮ ਦਾ ਕੀਤਾ ਉਦਘਾਟਨ



ਕੋਟਕਪੂਰਾ, 14 ਜਨਵਰੀ (ਗਿਆਨ ਸਿੰਘ): ਪੰਜਾਬ ਵਿਧਾਨ ਸਭਾ ਸਪੀਕਰ ਸ. ਕੁਲਤਾਰ ਸਿੰਘ ਸੰਧਵਾ ਨੇ ਅੱਜ ਕੋਟਕਪੂਰਾ ਵਿਖੇ ਬਲਜੀਤ ਮੈਟਰਨਿਟੀ ਐਂਡ ਨਰਸਿੰਗ ਹੋਮ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਸਮੂਹ ਇਲਾਕਾ ਨਵਾਸੀਆਂ ਨੂੰ ਮਾਘੀ ਦੇ ਪਵਿੱਤਰ ਦਿਹਾੜੇ ਤੇ ਸ਼ੁਭਕਾਮਨਾਵਾਂ ਦਿੱਤੀਆਂ। ਨਰਸਿੰਗ ਹੋਮ ਦਾ ਉਦਘਾਟਨ ਕਰਦੇ ਸਮੇਂ ਉਨ੍ਹਾਂ ਨੇ ਡਾ. ਜਸਬੀਰ ਸਿੰਘ ਅਤੇ ਡਾ.ਬਲਜੀਤ ਕੌਰ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਡਾ.ਬਲਜੀਤ ਕੌਰ ਪਹਿਲਾਂ ਤੋਂ ਹੀ ਸਿਵਲ ਹਸਪਤਾਲ ਜੈਤੋ ਵਿਖੇ 9 ਸਾਲ ਅਤੇ ਸਿਵਲ ਹਸਪਤਾਲ ਕੋਟਕਪੂਰਾ ਵਿਖੇ 5 ਸਾਲ ਬਤੌਰ ਇਕ ਵਧੀਆ ਡਾਕਟਰ ਵਜੋਂ ਸੇਵਾ ਨਿਭਾ ਚੁੱਕੇ ਹਨ, ਪਰ ਅੱਜ ਜੋ ਡਾਕਟਰ ਬਲਜੀਤ ਕੌਰ ਨੇ ਨਵਾਂ ਉਪਰਾਲਾ ਕੀਤਾ ਹੈ, ਕੋਟਕਪੂਰਾ ਵਿਖੇ ਮੈਟਰਨਿਟੀ ਐਂਡ ਨਰਸਿੰਗ ਹੋਮ ਖੋਲਣ ਦਾ, ਉਹ ਸਹੀ ਰੂਪ ਵਿਚ ਇਕ ਬਹੁਤ ਹੀ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹ ਕਿ ਮੈਂ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਡਾਕਟਰ ਬਲਜੀਤ ਕੌਰ ਵੱਲੋਂ ਖੋਲੇ ਗਏ ਨਰਸਿੰਗ ਹੋਮ ਤੇ ਕਿਰਪਾ ਬਣੀ ਰਹੇ, ਅਤੇ ਕੋਟਕਪੂਰਾ ਨਿਵਾਸੀਆਂ ਨੂੰ ਇਸ ਨਰਸਿੰਗ ਹੋਮ ਦੀ ਮਦਦ ਨਾਲ ਇਕ ਵਧੀਆ ਮਿਆਰੀ ਸਹੂਲਤ ਪ੍ਰਦਾਨ ਕਰਨ। ਉਨ੍ਹਾਂ ਕਿਹਾ ਕਿ ਡਾਕਟਰ ਅਤੇ ਰੱਬ ਵਿਚ ਕੋਈ ਜਿਆਦਾ ਫਰਕ ਨਹੀਂ ਹੁੰਦਾ, ਇਕ ਮਰੀਜ ਦੇ ਲਈ ਡਾਕਟਰ ਵੀ ਦੂਜਾ ਰੱਬ ਹੀ ਹੁੰਦਾ ਹੈ।

# ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਖੇਤੀਬਾੜੀ ਮੰਤਰੀ ਨੇ ਬੱਸ ਰਵਾਨਾ ਕੀਤੀ

ਲੰਬੀ, 14 ਜਨਵਰੀ (ਗਿਆਨ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਕਿਲਿਆਂ ਵਾਲੀ ਤੋਂ ਸ੍ਰੀ ਸਾਲਾਸਰ ਧਾਮ ਅਤੇ ਸ੍ਰੀ ਖਾਟੂ ਸਿਆਮ ਧਾਮ ਲਈ ਬੱਸ ਨੂੰ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਬੱਸ ਵਿਚ 43 ਯਾਤਰੀ ਧਾਰਮਿਕ ਯਾਤਰਾ ਲਈ ਗਏ ਹਨ।

ਇਸ ਮੌਕੇ ਖੇਤੀਬਾੜੀ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਜਨ ਸੇਵਾ ਦਾ ਇਹ ਬਹੁਤ ਹੀ ਸਾਰਥਕ ਉਪਰਾਲਾ ਹੈ ਜਿਸ ਰਾਹੀਂ ਲੋਕ ਆਪਣੇ ਧਾਰਮਿਕ ਸਥਾਨਾਂ ਦੀ ਯਾਤਰਾ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਯੋਜਨਾ ਆਮ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ, ਉਨ੍ਹਾਂ ਦੀਆਂ ਜਰੂਰਤਾਂ ਦਾ ਖਿਆਲ ਕਰਕੇ ਬਣਾਉਂਦੀ ਹੈ।



ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਲਈ ਬਹੁਤ ਹੀ ਵੱਧੀਆਂ ਬੱਸਾਂ ਯਾਤਰਾ ਤੇ ਭੇਜੀਆਂ ਜਾ ਰਹੀਆਂ ਹਨ ਤਾਂ ਜੋ ਸਰਧਾਲੂਆਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਯਾਤਰੀਆਂ ਨੂੰ ਯਾਤਰਾ ਕਿੱਟ ਵੀ ਦਿੱਤੀ ਗਈ। ਯਾਤਰੀਆਂ ਨੇ ਸਰਕਾਰ ਦੇ ਇਸ ਉਪਰਾਲੇ ਦੀ ਸਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਸਰਕਾਰ ਨੇ ਇਕ ਵੱਡਾ ਉਪਰਾਲਾ ਕੀਤਾ ਹੈ ਜੋ ਉਹ ਆਪਣੇ ਧਾਰਮਿਕ ਸਥਾਨਾਂ ਦੀ ਯਾਤਰਾ ਕਰ ਪਾ ਰਹੇ ਹਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664












# ਜ਼ਰਾ ਇਸ ਮੁਲਕ ਕੇ ਰਹਿਬਰੋਂ ਕੋ ਬੁਲਾਉ, ਯੇ ਕੂਚੇ, ਯੇ ਗਲੀਆਂ, ਯੇ ਮੰਜ਼ਰ ਦਿਖਾਉ



ਜਤਿੰਦਰ ਪਨੂੰ ਦੀ ਕਲਮ ਤੋਂ

ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਵੱਲੋਂ ਆਪਣੇ ਲੋਕਾਂ ਲਈ ਚਲਾਇਆ ਜਾਂਦਾ ਸੁਣੀਂਦਾ ਭਾਰਤ ਦਾ ਲੋਕਤੰਤਰ ਇੱਕ ਹੋਰ ਚੋਣ ਲਈ ਤਿਆਰ ਖੜਾ ਹੈ। ਬਣਦੀ ਮਿਆਦ ਦੇ ਹਿਸਾਬ ਨਾਲ ਭਾਵੇਂ ਇਹ ਲੋਕ ਸਭਾ ਮਈ ਤੱਕ ਚੱਲਦੀ ਰਹਿਣੀ ਹੈ, ਪਰ ਦਿੱਲੀ ਤੋਂ ਆਉਂਦੇ ਅਵਾੜੇ ਇਹ ਦੱਸ ਰਹੇ ਹਨ ਕਿ ਚੋਣ ਪ੍ਰੋਗਰਾਮ ਦਾ ਐਲਾਨ ਫਰਵਰੀ ਦੇ ਦੂਸਰੇ ਹਫਤੇ ਕਰਨ ਵਾਸਤੇ ਤਿਆਰੀ ਚੱਲ ਰਹੀ ਹੈ। ਇਸ ਨੂੰ ਕੁਝ ਲੋਕ ਕੁਝ ਖਾਸ ਜੋਤਸ਼ੀਆਂ ਵੱਲੋਂ ਦੱਸੇ ਗਏ ਸ਼ੁਭ ਮਹੂਰਤ ਨਾਲ ਵੀ ਜੋੜਦੇ ਹਨ, ਪਰ ਬਹੁਤੇ ਸੱਜਣਾਂ ਦੀ ਰਾਏ ਇਹ ਹੈ ਕਿ ਸੰਪੂਰਨ ਉਸਾਰੀ ਤੋਂ ਪਹਿਲਾਂ ਜਿਵੇਂ ਅਯੁੱਧਿਆ ਵਿਚਲੇ ਰਾਮ ਜਨਮ ਭੂਮੀ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਦਾ ਸਮਾਗਮ ਅਗੇਤਾ ਰੱਖਿਆ ਗਿਆ ਹੈ, ਉਸ ਦਾ ਸਾਰਾ ਮਤਲਬ ਹੀ ਇਹ ਹੈ ਕਿ ਚੋਣਾਂ ਲਈ ਆਮ ਲੋਕਾਂ ਨੂੰ ਮਾਨਸਿਕ ਤੌਰ ਉੱਤੇ ਅਗੇਤਾ ਤਿਆਰ ਕਰ ਲੈਣਾ ਹੈ। ਇਸ ਪਿੱਛੋਂ ਅਗਲੇ ਬੱਜਟ ਲਈ ਜਿਵੇਂ ਪਾਰਲੀਮੈਂਟ ਦਾ ਸਮਾਗਮਅਗੇਤਾ ਸੱਦਿਆ ਹੈ, ਉਸ ਤੋਂ ਵੀ ਇਹੋ-ਜਾਪਦਾ ਹੈ ਕਿ ਬੱਜਟ ਪਾਸ ਹੁੰਦੇ ਸਾਰ ਚੋਣ ਕਮਿਸ਼ਨ ਨਵੀਂ ਚੋਣ ਕਰਾਉਣ ਦਾ ਐਲਾਨ ਕਰ ਦੇਵੇਗਾ, ਸਗੋਂ ਠੀਕ ਕਿਹਾ ਜਾਵੇ ਤਾਂ ਉਸ ਨੂੰ ਐਲਾਨ ਕਰਨ ਦੀ ਸਾਰੀ ਤਿਆਰੀ ਅਗੇਤੀ ਕਰ ਛੱਡਣ ਲਈ ਕਿਹਾ ਜਾ ਚੁੱਕਾ ਹੋਵੇਗਾ। ਏਦਾਂ ਹੋ ਵੀ ਸਕਦਾ ਹੈ ਅਤੇ ਨਹੀਂ ਵੀ, ਪਰ ਸੰਭਾਵਨਾ ਇਹੋ ਹੈ ਕਿ ਇਸ ਕਿਆਫੇ ਮੁਤਾਬਕ ਅਜੋਕੀ ਸਰਕਾਰ ਬਾਕੀਸਿਆਸੀ ਧਿਰਾਂ ਨੂੰ ਅਵੇਸਲਾ ਰੱਖ ਕੇ ਅਚਾਨਕ ਇਸ ਕਿਸਮ ਦਾ ਕਦਮ ਚੁੱਕ ਸਕਦੀ ਹੈ। ਚੋਣਾਂ ਦੇ ਮਾਹਰਾਂ ਵਿੱਚੋਂ ਬਹੁਤ ਸਾਰਿਆਂ ਦੀ ਇਹੋ ਜਿਹੇ ਕਿਆਫੇ ਨਾਲ ਲਗਭਗ ਸਹਿਮਤੀ ਹੈ।

ਇਸ ਮੌਕੇ ਜਦੋਂ ਇਹ ਗੱਲੀ ਮੰਨੀ ਜਾਂਦੀ ਹੈ ਕਿ ਰਾਮ ਮੰਦਰ ਦਾ ਪ੍ਰਾਣ ਪ੍ਰਤਿਸ਼ਠਾ ਸਮਾਗਮ ਅਗਲੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਉਲੀਕਿਆ ਗਿਆ ਹੈ ਤਾਂਵੱਧ ਜ਼ੋਰ ਨਾਲ ਇਹ ਮੁੱਦਾ ਪ੍ਰਚਾਰਨ ਲਈ ਸਾਰੀ ਸਰਕਾਰ ਝੋਕਣ ਦਾ ਮੁੱਖ ਮਕਸਦ ਚੋਣਾਂ ਹੀ ਹੈ। ਦੂਸਰੀ ਗੱਲ ਇਹ ਉੱਭਰਦੀ ਹੈ ਕਿ ਇਸ ਵਿੱਚ ਮਰਿਆਦਾ ਦਾ ਉਲੰਘਣ ਹੋ ਰਿਹਾ ਹੈ। ਹਿੰਦੂ ਧਰਮ ਵਿੱਚ ਜਗਤ ਗੁਰੂ ਸ਼ੰਕਰਾਚਾਰੀਆ ਦਾ ਬਹੁਤ ਵੱਡਾ ਸਤਿਕਾਰ ਮੰਨਿਆ ਜਾਂਦਾ ਹੈਅਤੇ ਜਿਵੇਂ ਸਿੱਖ ਪੰਥ ਵਿੱਚ ਪੰਜ ਤਖਤਾਂ ਦੀ ਮਾਨਤਾ ਤੇ ਉਨ੍ਹਾਂ ਦੇ ਜਥੇਦਾਰ ਸਾਹਿਬਾਨ ਦਾ ਸਤਿਕਾਰ ਹੈ, ਹਿੰਦੂ ਧਰਮ ਵਿੱਚ ਓਦਾਂ ਦੇ ਮਾਣ-ਸਤਿਕਾਰ ਦੀ ਹਸਤੀ ਸ਼ੰਕਰਾਚਾਰੀਆ ਨੂੰ ਮੰਨਿਆ ਜਾਂਦਾ ਹੈ। ਇਸ ਵਾਰ ਜਦੋਂ ਰਾਮ ਮੰਦਰ ਦਾ ਪ੍ਰਾਣ ਪ੍ਰਤਿਸ਼ਠਾ ਸਮਾਗਮ ਕਰਨ ਲਈ ਪ੍ਰੋਗਰਾਮ ਬਣਿਆ ਤਾਂ ਸਾਰੇ ਸ਼ੰਕਰਾਚਾਰੀਆ ਨੂੰ ਪਛਾੜ ਕੇ ਉਨ੍ਹਾਂ ਵਾਂਗਰਸਮਾਂ ਨਿਭਾਉਣ ਲਈ ਹੋਰ ਪੁਜਾਰੀ ਖੜੇ ਕੀਤੇ ਜਾਣ ਲੱਗ ਪਏ ਹਨ ਅਤੇ ਜਜ਼ਮਾਨ ਦੀ ਭੂਮਿਕਾ ਵੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਨਿਭਾਈ ਜਾਣ ਦਾ ਫੈਸਲਾ ਕੀਤਾ ਗਿਆ ਹੈ। ਹਿੰਦੂ ਧਰਮ ਦੇ ਅਜੋਕੇ ਚਾਰੇ ਪ੍ਰਵਾਨਤ ਸ਼ੰਕਰਾਚਾਰੀਆ ਇਸ ਸਮਾਗਮ ਦੌਰਾਨ ਓਥੇ ਜਾਣੋਂ ਇਨਕਾਰੀ ਹੋ ਗਏ ਹਨ, ਕਿਉਂਕਿ ਉਹ ਮੰਨਦੇ ਹਨ ਕਿ ਧਾਰਮਿਕ ਰਹੁ-ਰੀਤਾਂ ਨੂੰ ਅੱਖੋਂ ਪਰੋਖਾ ਕਰ ਕੇ ਸਿਰਫ ਰਾਜਨੀਤਕ ਲੋੜ ਮੁਤਾਬਕ ਨਿਯੁਕਤੀਆਂ ਕੀਤੀਆਂ ਗਈਆਂ ਤੇ ਜ਼ਿਮੇਵਾਰੀ ਨਿਭਾਈਆਂ ਜਾ ਰਹੀਆਂ ਹਨ। ਇਸ ਸਭ ਕੁਝ ਪਿੱਛੋਂਵਿਰੋਧ ਕਰਨ ਵਾਲੇ ਇਹ ਕਹਿਣ ਤੱਕ ਚਲੇ ਜਾਂਦੇ ਹਨ ਕਿ ਸ਼ੰਕਰਾਚਾਰੀਆ ਦੀ ਨਾਰਾਜ਼ਗੀਦੇ ਕਾਰਨ ਹਿੰਦੂ ਭਾਈਚਾਰਾ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਨਾਲ ਨਾਰਾਜ਼ ਹੋ ਸਕਦਾ ਤੇ ਚੋਣਾਂ ਵਿੱਚ ਇਸ ਦਾ ਵਿਰੋਧ ਕਰ ਸਕਦਾ ਹੈ। ਏਹੋ ਜਿਹੀ ਖਿਆਲੀ ਉਡਾਰੀ ਦਾ ਕੋਈ ਹਕੀਕੀ ਆਧਾਰ ਨਹੀਂ ਲੱਭਦਾ, ਸਗੋਂ ਇਸ ਦੇ ਉਲਟ ਅੱਜਕੱਲ੍ਹ ਭਾਰਤ ਦੇ ਲੋਕਾਂ ਦਾ ਵੱਡਾ ਹਿੱਸਾ ਰਾਜਨੀਤੀ ਨੂੰ ਵੱਧ ਪਹਿਲ ਦੇਣ ਲੱਗਾ ਹੈ ਤੇ ਧਾਰਮਿਕ ਅਵੱਗਿਆ ਨੂੰ ਵਕਤੀ ਤੌਰ ਉੱਤੇ ਨਜ਼ਰ ਅੰਦਾਜ਼ ਕਰ ਦੇਂਦਾ ਹੈ। ਜਿਹੜੀ ਇਹ ਭਾਵਨਾ ਹਰ ਪਾਸੇ ਪ੍ਰਚਾਰੀ ਜਾ ਰਹੀ ਹੈ ਕਿ ਇਸ ਪਾਰਟੀ ਨਾਲ ਅੱਠ ਸੌ ਸਾਲਾਂ ਪਿੱਛੋਂ ਦੇਸ਼ ਵਿੱਚ ਹਿੰਦੂ ਧਰਮ ਦੀ ਚੜ੍ਹਤ ਹੋਈ ਹੈ, ਉਹ ਉਸ ਭਾਈਚਾਰੇ ਦੇ ਲੋਕਾਂ ਨੂੰ ਪ੍ਰਭਾਵਤ ਕਰਦੀ ਹੈ ਅਤੇ ਇਸ ਉੱਤੇ ਜ਼ੋਰ ਵਧਾਉਣ ਲਈ ਝੂਠ ਦਾ ਸਹਾਰਾ ਵੀ ਲਿਆ ਜਾ ਰਿਹਾ ਹੈ। ਮਿਸਾਲ ਵਜੋਂ ਇਹ ਕਿਹਾ ਜਾਂਦਾ ਸੀ ਕਿ ਬਾਬਰ ਆਇਆ ਸੀ ਤਾਂ ਭਗਵਾਨ ਰਾਮ ਦੀ ਜਨਮ ਭੂਮੀਦਾ ਮੰਦਰ ਢਾਹ ਕੇ ਉਸ ਥਾਂ ਬਾਬਰੀ ਮਸਜਿਦ ਬਣਾਈ ਗਈ ਸੀ। ਬੀਤੇ ਦਿਨੀਂ ਹਿੰਦੂਤੱਵ ਨਾਲ ਜੁੜੇ ਹੋਏ ਇੱਕ ਪ੍ਰਚਾਰਕ ਨੇ ਤੇਜ਼-ਤੱਰਾਰ ਤੇ ਜਜ਼ਬਾਤੀ ਕਰਨ ਵਾਲਾ ਭਾਸ਼ਣ ਦੇਂਦਿਆਂ ਇਹ ਗੱਲ ਕਹਿ ਦਿੱਤੀ ਕਿ ਇਸ ਦੇਸ਼ ਵਿੱਚ ਰਾਮ ਭਗਵਾਨ ਦੇ ਜਨਮ ਸਥਾਨ ਦਾ ਕਬਜ਼ਾ ਛੁਡਾਉਣ ਲਈ ਇੱਕ ਹਜ਼ਾਰ ਸਾਲ ਤੱਕ ਸੰਘਰਸ਼ ਕਰਨਾ ਪਿਆ ਤੇ ਕੁਰਬਾਨੀਆਂ ਦੇਣੀਆਂ ਪਈਆਂ ਹਨ। ਬਾਬਰ ਨੂੰ ਭਾਰਤ ਦਾ ਬਾਦਸ਼ਾਹ 1526 ਤੋਂ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਬਾਬਰ ਨੂੰ ਏਥੇ ਆਏ ਨੂੰ ਹਾਲੇ ਪੰਜ ਸੌ ਸਾਲ ਪੂਰੇ ਨਹੀਂ ਹੋਏ, ਬਾਬਰੀ ਮਸਜਿਦ 1528 ਵਿੱਚ ਬਣਾਈ ਗਈ ਦੱਸਦੇ ਹਨ। ਜੇ ਉਹਮਸਜਿਦ ਬਣਾਈ ਨੂੰ ਹਾਲੇ ਪੰਜ ਸੌ ਸਾਲਪੂਰੇ ਨਹੀਂ ਹੋਏ ਤਾਂ ਇੱਕ ਹਜ਼ਾਰ ਸਾਲ ਕੁਰਬਾਨੀਆਂ ਕਿਸ ਲਈ ਦਿੱਤੀਆਂ ਸਨ! ਸਾਫ ਹੈ ਕਿ ਭਾਸ਼ਣ ਵਿੱਚ ਹਰ ਗੱਲ ਵਧਾ-ਚੜ੍ਹਾ ਕੇ ਅਤੇ ਝੂਠ ਦੇ ਪਲੇਥਣ ਲਾ ਕੇ ਪਰੋਸੀ ਜਾਂਦੀ ਹੈ, ਪਰ ਸ਼ਰਧਾ ਦੀ ਪੱਟੀ ਜਿਹੜੇ ਲੋਕਾਂ ਦੇ ਅੱਖਾਂ ਉੱਤੇ ਚੜ੍ਹੀ ਹੋਈ ਹੈ, ਉਹ ਲੋਕ ਇਹ ਕੁਝ ਨਹੀਂ ਸੋਚ ਸਕਦੇ, ਹਰ ਗੱਲ ਮੰਨ ਲੈਂਦੇ ਹਨ। ਅਗਲੇ ਦਿਨੀਂ ਜਦੋਂ ਲੋਕ ਸਭਾ ਚੋਣ ਹੋਈ ਤਾਂ ਲੋਕਾਂ ਨੇ ਇਸ ਸਰਕਾਰ ਦੇ ਘਪਲੇ ਨਹੀਂ ਵੇਖਣੇ, ਅਡਾਨੀ ਜਾਂ ਉਸੇ ਵੰਨਗੀ ਵਾਲੇ ਹੋਰ ਠੱਗਾਂ-ਚੋਰਾਂ ਦਾ ਚੇਤਾ ਨਹੀਂ ਕਰਨਾ, ਸਗੋਂ ਰਾਮ ਮੰਦਰ ਦੀ ਸ਼ਰਧਾ ਓਦੋਂ ਕਈ ਕਿਸਮ ਦਾ ਅਸਰ ਪਾ ਸਕਦੀ ਹੈ।

> *ਅਜੋਕੇ ਹਾਲਤ ਵਿੱਚ ਮੁੜ-ਮੁੜ ਯਾਦ ਆਉਂਦਾ ਹੈ ਕਿ ਕਦੀ ਸਾਹਿਰ ਲੁਧਿਆਣਵੀ ਨੇ ਲਿਖਿਆ ਸੀ:*
>
> *ਯੇ ਕੂਚੇ, ਯੇ ਨੀਲਾਮ ਘਰ ਦਿਲਕਸ਼ੀ ਕੇ,*
> *ਯੇ ਲੁਟਤੇ ਹੂਏ ਕਾਰਵਾਂ ਜ਼ਿੰਦਗੀ ਕੇ,*
> *ਕਹਾਂ ਹੈਂ, ਕਹਾਂ ਹੈਂ ਮੁਹਾਫਿਜ਼ ਖ਼ੁਦੀ ਕੇ,*
> *ਕਹਾਂ ਹੈਂ, ਕਹਾਂ ਹੈਂ, ਕਹਾਂ ਹੈਂ......*
>
> *ਅਤੇ ਫਿਰ ਅੰਤ ਵਿੱਚ ਇਹ ਵੀਕਹਿ ਛੱਡਿਆ ਸੀ:*
>
> *ਜ਼ਰਾ ਇਸ ਮੁਲਕ ਕੇ ਰਹਿਬਰੋਂ ਕੋ ਬੁਲਾਉ,*
> *ਯੇ ਕੂਚੇ, ਯੇ ਗਲੀਆਂ, ਯੇ ਮੰਜ਼ਰ ਦਿਖਾਉ,*
> *ਜਿਨਹੇਂ ਨਾਜ਼ ਹੈ ਹਿੰਦ ਪਰ ਉਨ ਕੋ ਲਾਉ,*
> *ਜਿਨਹੇਂ ਨਾਜ਼ ਹੈ ਹਿੰਦ ਪੇ, ਵੋ ਕਹਾਂ ਹੈਂ*
> *ਕਹਾਂ ਹੈਂ, ਕਹਾਂ ਹੈਂ, ਕਹਾਂ ਹੈਂ......*
>
> *ਜਿਸ ਕਿਸੇ ਨੂੰ ਇਹ ਗੱਲ ਪੱਲੇ ਪੈਂਦੀ ਹੋਵੇ, ਜੇ ਉਹ ਪਹੁੰਚ ਰੱਖਦਾ ਹੋਵੇ ਤਾਂ ਉਸ ਨੂੰ ਉਨ੍ਹਾਂ ਆਗੂਆਂ ਤੱਕ ਸੁਨੇਹਾ ਪੁਚਾਉਣਾ ਚਾਹੀਦਾ ਹੈ, ਜਿਹੜੇ ਅੜੀਆਂ ਕਰੀ ਜਾਂਦੇ ਹਨ ਅਤੇ ਇਹ ਗੱਲ ਅੱਖੋਂ ਪਰੋਖੀ ਕਰਦੇ ਹਨ ਕਿ ਉਨ੍ਹਾਂ ਦਾ ਵਿਹਾਰ ਇਸ ਦੇਸ਼ ਦਾ ਕਿੰਨਾ ਨੁਕਸਾਨ ਕਰੇਗਾ! ਉਨ੍ਹਾਂ ਲਈ 'ਮੈਂ' ਵੱਡੀ ਜਾਂ 'ਮੇਰੀ ਪਾਰਟੀ ਵੱਡੀ' ਵਾਲਾ ਮੁੱਦਾ ਏਨਾ ਵੱਡਾ ਬਣ ਗਿਆ ਤਾਂ ਫਿਰ ਉਹ ਸੋਚ ਲੈਣ ਕਿ 'ਡੂਬੇਗੀ ਕਿਸ਼ਤੀ ਤੋ ਡੂਬੇਂਗੇ ਸਾਰੇ, ਨਾ ਤੁਮ ਹੀ ਬਚੋਗੇ, ਨਾ ਸਾਥੀ ਤੁਮਾਰੇ।'*

ਦੂਸਰਾ ਪੱਖ ਇਸ ਵਰਤਾਰੇ ਦਾ ਚੋਣਾਂ ਵਿੱਚ ਸਾਹ-ਮਣਾ ਕਰਨ ਵਾਲੀਆਂ ਧਿਰਾਂ ਦਾ ਹੈ। ਉਨ੍ਹਾਂ ਦੀ ਪਹਿਲੀ ਮਜਬੂਰੀ ਤਾਂ ਸਭ ਤੋਂ ਵੱਡੀ ਇਹੋ ਹੈ ਕਿ ਜੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਦੇ ਸੱਦੇ ਉੱਤੇ ਚਲੇ ਜਾਣ ਤਾਂ ਸਵਾਲ ਉੱਠਣਗੇ ਕਿ ਬਾਬਰੀ ਮਸਜਿਦ ਢਾਹੇ ਬਿਨਾਂ ਮੰਦਰ ਨਹੀਂ ਸੀ ਬਣਨਾ ਤੇ ਤੁਸੀਂ ਇਸ ਨੂੰ ਢਾਹੁਣ ਦਾ ਵਿਰੋਧ ਕਿਉਂ ਕੀਤਾ ਸੀ ਤੇ ਫਿਰਓਸੇ ਜਗ੍ਹਾ ਉੱਤੇ ਬਾਬਰੀ ਮਸਜਿਦ ਦੋਬਾਰਾ ਬਣਵਾਉਣ ਦੇ ਨਾਅਰੇ ਕਿਉਂ ਮਾਰੇ ਸੀ? ਜੇ ਉਹ ਓਥੇ ਨਾ ਜਾਣ ਤਾਂ ਉਨ੍ਹਾਂ ਵਿਰੁੱਧ ਰਾਮ ਭਗਵਾਨ ਦਾ ਵਿਰੋਧ ਕਰਨ ਦਾ ਨਵਾਂ ਦੋਸ਼ ਲੱਗੇਗਾ। ਇਸ ਹਾਲਤ ਵਿੱਚ ਲੋਕਾਂ ਵਿੱਚ ਜਾਣਾ ਅਤੇ ਆਪਣੀ ਗੱਲ ਭਾਰਤ ਦੇ ਲੋਕਾਂ ਨੂੰ ਸਮਝਾਉਣਾ ਕੁਝ ਸੌਖਾ ਕੰਮ ਨਹੀਂ ਹੋਣਾ। ਫਿਰ ਵੀ ਜੇ ਉਹ ਆਪਸੀ ਸਾਂਝ ਨਾਲ ਰਾਜਨੀਤਕ ਚਲਿੱਤਰ ਬੇਪਰਦ ਕਰਨ ਲਈ ਤੁਰਦੇ ਹਨ ਤਾਂ ਇਸ ਦਾ ਅਸਰ ਲੋਕ ਇਸ ਲਈ ਮੰਨ ਸਕਦੇ ਹਨ ਕਿ ਦੇਸ਼ ਦੀ ਜਨਤਾ ਮੂਹਰੇ ਜਦੋਂ ਵੀ ਕਦੇ ਕੇਂਦਰ ਵਿੱਚ ਰਾਜ ਕਰਦੀ ਧਿਰ ਦਾ ਕੋਈ ਯੋਗ ਬਦਲ ਪੇਸ਼ ਕੀਤਾ ਜਾਂਦਾ ਰਿਹਾ ਹੈ, ਲੋਕਾਂ ਨੇ ਉਸ ਬਦਲ ਲਈ ਹੁੰਗਾਰਾ ਭਰਿਆ ਹੈ। ਐਮਰਜੈਂਸੀ ਪਿੱਛੋਂ ਇੱਕਮੁੱਠ ਹੋਈ ਵਿਰੋਧੀ ਧਿਰ ਨੂੰ ਲੋਕਾਂ ਨੇ ਰਾਜ ਬਖਸ਼ਿਆ ਸੀ, ਪਰ ਉਨ੍ਹਾਂ ਸਾਰਿਆਂ ਤੋਂ ਚਲਾਇਆ ਨਹੀਂ ਸੀ ਗਿਆ ਅਤੇ ਆਪਸੀ ਵਿਰੋਧਾਂ ਦੇ ਬੋਝ ਹੇਠਾਂਦੱਬੇ ਗਏ ਸਨ। ਰਾਜੀਵ ਗਾਂਧੀ ਦੇ ਰਾਜ ਦੀ ਬਦਨਾਮੀ ਪਿੱਛੋਂ ਰਾਜਾ ਵੀ ਪੀ ਸਿੰਘ ਦੀ ਅਗਵਾਈ ਵਿੱਚ ਫਿਰ ਇੱਕਮੁੱਠ ਬਦਲ ਪੇਸ਼ ਕਰਨ ਦੀ ਅੱਧ-ਪਚੱਧ ਕੋਸ਼ਿਸ਼ ਵੀ ਹੋਈ ਤਾਂ ਲੋਕਾਂ ਨੇ ਹੁੰਗਾਰਾ ਦਿੱਤਾ ਸੀ, ਪਰ ਆਪਸੀ ਵਿਰੋਧਾਂ ਨੇ ਉਨ੍ਹਾਂ ਨੂੰ ਵੀ ਚੱਲਣ ਨਹੀਂ ਦਿੱਤਾ। ਉਸ ਮਗਰੋਂ ਨਰਸਿਮਹਾ ਰਾਉ ਦੇ ਭ੍ਰਿਸ਼ਟਾਚਾਰੀ ਰਾਜ ਪਿੱਛੋਂ ਦੋ ਥਾਂ ਵੰਡਵੀਂ ਸਾਂਝੀ ਧਿਰ ਵੀ ਪੇਸ਼ ਹੋਈ ਤਾਂ ਲੋਕਾਂ ਨੇ ਇੱਕ ਪਾਸੇ ਭਾਜਪਾ ਤੇ ਦੂਸਰੇ ਪਾਸੇ ਹੋਰ ਸਾਰੇ ਦਲਾਂ ਦੇ ਪੱਖ ਵਿੱਚ ਹੁੰਗਾਰਾ ਭਰਿਆ ਸੀ। ਤਜਰਬਾ ਫਿਰ ਵੀ ਕਾਮਯਾਬ ਨਹੀਂ ਸੀ ਹੋਇਆ।

ਇਸ ਵਾਰ ਫਿਰ ਦੇਸ਼ ਦੇ ਲੋਕ ਕੇਂਦਰ ਵਿੱਚ ਰਾਜ ਕਰਦੀ ਧਿਰ ਦਾ ਬਦਲ ਚਾਹੁੰਦੇ ਹਨ, ਪਰ ਜਿਹੜੀਆਂ ਧਿਰਾਂ ਤੋਂ ਆਸ ਰੱਖਦੇ ਹਨ, ਉਨ੍ਹਾਂ ਦੀ ਅਜੇ ਤੱਕ ਆਪੋ ਵਿੱਚ ਸੁਰ ਨਹੀਂ ਮਿਲਦੀ। 'ਇੰਡੀਆ' ਨਾਂਅ ਦਾ ਗੱਠਜੋੜ ਬਣਾ ਲਿਆ, ਪਰ ਅੱਗੋਂ ਵੱਖ-ਵੱਖ ਰਾਜਾਂ ਵਿੱਚ ਸੀਟਾਂ ਦੀ ਵੰਡ ਲਈ ਹਰ ਕੋਈ ਧਿਰ ਵੱਡਾ ਗੱਫਾ ਚਾਹੁੰਦੀ ਹੈ। ਕਈ ਲੋਕਾਂ ਦੀ ਰਾਏ ਹੈ ਕਿ ਇਨ੍ਹਾਂ ਧਿਰਾਂ ਵਿੱਚ ਇਸ ਵੇਲੇ ਕੇਂਦਰ ਵਿੱਚ ਰਾਜ ਕਰਦੀ ਧਿਰ ਦੇ ਏਜੰਟ ਇੱਕ-ਸੁਰਤਾ ਦੀ ਗੱਲ ਕਿਸੇ ਸਿਰੇ ਨਹੀਂ ਲੱਗਣ ਦੇਂਦੇ। ਇਹ ਵੀ ਹੋ ਸਕਦਾ ਹੈ ਕਿ ਜਿਹੜੇ ਨੇਤਾ ਇਸ ਵਕਤਹੋਰਨਾਂ ਤੋਂ ਵੱਖਰਾ ਸਟੈਂਡ ਲੈ ਕੇ ਬਣਦੀ ਖੇਡ ਵਿਗਾੜਨ ਤੁਰੇ ਨਜ਼ਰ ਪੈਂਦੇ ਹਨ, ਜਿਸ ਦਿਨ ਅਗਲੀਆਂ ਚੋਣਾਂ ਦਾ ਐਲਾਨ ਹੋਇਆ, ਪੱਛਮੀ ਬੰਗਾਲ ਵਾਲੇ ਸੁਵੇਂਦੂ ਅਧਿਕਾਰੀ ਵਾਂਗ ਓਸੇ ਸ਼ਾਮ ਉਹ ਭਾਜਪਾ ਵਿੱਚ ਰਲਣਦਾ ਐਲਾਨ ਕਰਦੇ ਸੁਣ ਜਾਣ। ਸੁਵੇਂਦੂ ਅਧਿਕਾਰੀ ਨੂੰ ਮਮਤਾ ਬੈਨਰਜੀ ਦੇ ਬਸਤਾ-ਚੁੱਕ ਵਜੋਂ ਵਿਧਾਨ ਸਭਾ ਲਈ ਸਾਰੀ ਚੋਣ ਮੁਹਿੰਮ ਦਾ ਇੰਚਾਰਜ ਬਣਾਇਆ ਤਾਂ ਹਰ ਅਸੈਂਬਲੀ ਹਲਕੇਲਈ ਚੋਣ ਅਧਿਕਾਰੀ ਦੀ ਨਿਯੁਕਤੀ ਓਸੇ ਨੇ ਇਹ ਕਹਿ ਕੇ ਕਰਵਾਈ ਸੀ ਕਿ ਇਹ ਬੰਦਾ ਮਮਤਾ ਬੈਨਰਜੀ ਦਾ ਵਫਾਦਾਰ ਹੈ, ਪਰ ਵਿਧਾਨ ਸਭਾ ਚੋਣਾਂ ਦਾ ਐਲਾਨ ਹੁੰਦੇ ਸਾਰ ਤ੍ਰਿਣਮੂਲ ਕਾਂਗਰਸ ਨੂੰ ਛੱਡ ਕੇ ਭਾਜਪਾ ਵਿੱਚ ਜਾ ਰਲਿਆ ਸੀ। ਮਮਤਾ ਬੈਨਰਜੀ ਨੇ ਜਿਹੜੇ ਹਲਕੇ ਤੋਂ ਚੋਣ ਲੜਨੀ ਸੀ, ਓਥੋਂ ਦਾ ਰਿਟਰਨਿੰਗ ਅਫਸਰ ਵੀ ਸੁਵੇਂਦੂ ਅਧਿਕਾਰੀ ਨੇ ਇਹ ਸੋਚ ਕੇ ਪਹਿਲਾਂ ਹੀ ਆਪਣੀ ਮਰਜ਼ੀ ਦਾ ਲਵਾ ਲਿਆ ਸੀ ਕਿ ਮਮਤਾ ਮੁਕਾਬਲੇ ਚੋਣ ਲੜਨ ਵੇਲੇ ਉਸ ਨੂੰ ਮੁਸ਼ਕਲ ਨਾ ਆਵੇ। ਇਸ ਵਕਤ 'ਇੰਡੀਆ' ਗੱਠਜੋੜ ਵਿੱਚ ਲੋਹੇ ਦੀ ਲੱਠ ਬਣ ਕੇ ਹਰ ਮਾਮਲੇ ਵਿੱਚ ਅੜਿੱਕਾ ਪਾਉਣ ਵਾਲਾ ਕਿਹੜਾ ਸੱਜਣ ਭਾਜਪਾ ਨਾਲ ਜਾਣ ਲਈ ਓਥੋਂ ਅਗੇਤੀ ਗਾਰੰਟੀਲੈ ਚੁੱਕਾ ਹੈ, ਇਸ ਬਾਰੇ ਕੋਈ ਵੱਡੇ ਤੋਂ ਵੱਡਾ ਮਾਹਰ ਵੀਨਹੀਂ ਦੱਸ ਸਕਦਾ।

ਭਾਰਤ ਦੇਸ਼ ਦੇ ਹਾਲਾਤ ਦੁਨੀਆ ਸਾਹਮਣੇ ਇਸ ਤਰ੍ਹਾਂ ਪੇਸ਼ ਕੀਤੇ ਜਾ ਰਹੇ ਹਨ, ਜਿਵੇਂ ਏਥੇ ਆਮ ਲੋਕਾਂ ਦੀ ਕੋਈ ਔਕੜ ਹੀ ਨਹੀਂ ਅਤੇ ਦੇਸ਼ ਛਾਲਾਂ ਮਾਰ ਕੇ ਅੱਗੇ ਵਧਦਾ ਪਿਆ ਹੈ, ਪਰ ਅੰਦਰੂਨੀ ਹਾਲਾਤ ਦੇਸ਼ ਨੂੰ ਸੰਸਾਰ ਦੀ ਰੈਂਕਿੰਗ ਵਿੱਚ ਪੁਲਾੜ ਤੇ ਕੁਝ ਹੋਰ ਖੇਤਰਾਂ ਤੋਂ ਸਿਵਾ ਮੂਹਰਲੀ ਕਤਾਰ ਵਿੱਚ ਨਹੀਂ ਖੜੋਣ ਦੇਂਦੇ। ਰਾਜ ਸਰਕਾਰਾਂ ਦਾ ਕਰਜ਼ਾ ਵਧੀ ਜਾਣ ਦੀ ਗੱਲ ਅਸੀਂ ਨਿੱਤ ਦਿਨ ਸੁਣਦੇ ਰਹਿੰਦੇ ਹਾਂ, ਬੀਤੇ ਦਿਨੀਂ ਭਾਰਤੀ ਰਿਜ਼ਰਵ ਬੈਂਕ ਨੇ ਅੰਕੜੇ ਪੇਸ਼ ਕਰ ਕੇ ਹੈਰਾਨ ਕਰ ਦਿੱਤਾ ਕਿ ਦੇਸ਼ ਦੀ ਸਰਕਾਰ ਨੇ ਏਨਾ ਰਿਕਾਰਡ ਤੋੜ ਕਰਜ਼ਾ ਚੜ੍ਹਾਇਆ ਹੋਇਆ ਹੈ ਕਿ ਅਗਲੇ ਕਈ ਸਾਲਾਂ ਤੱਕ ਹਰ ਸਾਲ ਕਰਜ਼ੇ ਦੀਆਂ ਕਿਸ਼ਤਾਂ ਨਹੀਂ, ਵਿਆਜੂ ਕਿਸ਼ਤਾਂ ਦੇਣੀਆਂ ਵੀ ਮੁਸ਼ਕਲ ਹੋਣਗੀਆਂ। ਵੋਟਰਾਂ ਦੇ ਮਨਾਂ ਵਿੱਚ ਕੀ ਹੈ, ਇਹ ਏਨਾ ਅਗੇਤਾ ਨਹੀਂ ਕਿਹਾ ਜਾ ਸਕਦਾ, ਪਰ ਵੋਟਿੰਗ ਮਸ਼ੀਨਾਂ ਬਾਰੇ ਕਈ ਵਾਰ ਜਿੰਦਾਂ ਪਹਿਲਾਂ ਦੋਸ਼ ਲੱਗਦੇ ਰਹੇ, ਇਸ ਵਾਰੀ ਉਹੋ ਦੋਸ਼ ਸਿਆਸੀ ਪਾਰਟੀਆਂ ਨਾਲੋਂ ਵੱਧ ਏਹੋ ਜਿਹੀ ਮਸ਼ੀਨਰੀ ਦੇ ਦੁਨੀਆ ਭਰ ਵਿੱਚ ਪ੍ਰਸਿੱਧ ਮਾਹਰ ਲਾ ਰਹੇ ਹਨ। ਜਿਸ ਚੋਣ ਕਮਿਸ਼ਨ ਨੇ ਚੋਣਾਂ ਦੀ ਕਮਾਂਡ ਸੰਭਾਲਣੀ ਹੈ, ਉਸ ਦਾ ਮੁਖੀ ਤੇ ਬਾਕੀ ਸਾਰੇ ਮੈਂਬਰ ਚੁਣਨ ਬਾਰੇ ਸੁਪਰੀਮ ਕੋਰਟ ਵੱਲੋਂ ਦਿੱਤਾ ਸੁਝਾਅ ਨਾ ਰੱਦ ਕੀਤਾ ਸੀ ਤੇ ਨਾ ਮੰਨਿਆ, ਸਗੋਂ ਸਰਕਾਰ ਨੇ ਪਾਰਲੀਮੈਂਟ ਤੋਂ ਬਿੱਲ ਪਾਸ ਕਰਵਾ ਕੇ ਉਸ ਕਮਿਸ਼ਨ ਦੀ ਚੋਣ-ਵਿਧੀ ਪ੍ਰਧਾਨ ਮੰਤਰੀ ਦੀ ਮਰਜ਼ੀ ਦੇ ਪਾਵੇ ਨਾਲ ਬੰਨ੍ਹ ਦਿੱਤੀ ਹੈ। ਉਸ ਚੋਣ ਵਿਰੁੱਧ ਜਾਂ ਉਹ ਬਿੱਲ ਪਾਸ ਹੋਣ ਪਿੱਛੋਂ ਵੋਟਿੰਗ ਮਸ਼ੀਨਾਂ ਨੂੰ ਚੁਣੌਤੀ ਦੇਂਦੀਆਂ ਪਟੀਸ਼ਨਾਂ ਨੂੰ ਜਿਵੇਂ ਅਣਗੌਲਿਆ ਕੀਤਾ ਜਾਣ ਲੱਗ ਪਿਆ ਹੈ, ਉਸ ਨੇ ਲੋਕਾਂ ਦੇ ਮਨ ਵਿਚਲਾ ਸ਼ੱਕ ਹੋਰ ਵਧਾ ਦਿੱਤਾ ਹੈ। ਇਹੋ ਜਿਹੇ ਹਾਲਾਤ ਵਿੱਚ ਜਦੋਂ ਭਾਰਤ ਦੇਸ਼ ਆਪਣੇ ਲੋਕਤੰਤਰ ਲਈ ਲੋਕਾਂ ਦਾ ਇੱਕ ਹੋਰ ਫਤਵਾ ਲੈਣ ਵਾਲਾ ਹੈ ਤਾਂ ਚਿੰਤਾ ਦੇ ਬੱਦਲ ਚੋਖੇ ਗਹਿਰੇ ਹੋ ਰਹੇ ਹਨ।






## 'ਮਨੀ ਪਲਾਂਟ ਵਰਗਾ ਆਦਮੀ' ਕਾਵਿ ਸੰਗ੍ਰਹਿ ਇਨਸਾਨੀ ਮਾਨਸਿਕਤਾ ਅਤੇ ਸਮਾਜਿਕਤਾ ਦਾ ਪ੍ਰਤੀਕ

-ਉਜਾਗਰ ਸਿੰਘ-

ਹਰਦੀਪ ਸੱਭਰਵਾਲ ਦਾ ਕਾਵਿ ਸੰਗ੍ਰਹਿ 'ਮਨੀ ਪਲਾਂਟ ਵਰਗਾ ਆਦਮੀ' ਇਨਸਾਨੀ ਮਾਨਸਿਕਤਾ ਅਤੇ ਸਮਾਜਿਕਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਵਿਚਾਰ ਪ੍ਰਧਾਨ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸਿੰਬਾਲਿਕ ਹਨ, ਜੋ ਇਨਸਾਨ ਦੀ ਮਾਨਸਿਕਤਾ ਅਤੇ ਸਮਾਜਿਕਤਾ ਨਾਲ ਸੰਬੰਧ ਰੱਖਦੀਆਂ ਹਨ। ਇਨ੍ਹਾਂ ਕਵਿਤਾਵਾਂ ਰਾਹੀਂ ਹਰਦੀਪ ਸੱਭਰਵਾਲ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦਾ ਹੈ। ਵਰਤਮਾਨ ਸਮੇਂ ਇਨਸਾਨ ਦੂਹਰੀ ਅਰਥਾਤ ਦੋਗਲੀ ਜ਼ਿੰਦਗੀ ਜੀਅ ਰਿਹਾ ਹੈ। ਉਸ ਦੀ ਕਹਿਣੀ ਅਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਅੰਤਰ ਹੈ। ਇਸ ਲਈ ਉਸ ਦੇ ਮਨ ਦੀ ਕਿਸੇ ਵੀ ਗੱਲ ਦਾ ਸਹੀ ਜਵਾਬ ਲੱਭਣਾ ਅਸੰਭਵ ਹੁੰਦਾ ਜਾ ਰਿਹਾ ਹੈ। ਮਨੁੱਖ ਦੇ ਚਿਹਰੇ ਮੋਹਰੇ ਦੀਆਂ ਹਰਕਤਾਂ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਉਸ ਦੇ ਅੰਦਰ ਕੀ ਵਿਚਰ ਰਿਹਾ ਹੈ? ਇਸ ਲਈ ਕਵੀ ਨੇ ਖੁਲ੍ਹੀਆਂ ਕਵਿਤਾਵਾਂ ਰਾਹੀਂ ਇਨਸਾਨ ਦੇ ਅੰਦਰ ਝਾਕਣ ਦੀ ਕੋਸ਼ਿਸ਼ ਕੀਤੀ ਹੈ। ਕਾਵਿ ਸੰਗ੍ਰਹਿ ਦਾ ਨਾਮ ਵੀ ਸਿੰਬਾਲਿਕ ਹੈ। ਜੇਕਰ ਸਮੁੱਚੇ ਤੌਰ 'ਤੇ ਵੇਖਿਆ ਜਾਵੇ ਤਾਂ ਸਮਾਜ ਆਰਥਿਕਤਾ ਦੇ ਆਲੇ ਦੁਆਲੇ ਘੁੰਮਦਾ ਹੈ। ਪੁਸਤਕ ਦਾ ਨਾਮ ਮਨੀ ਪਲਾਂਟ ਭਾਵੇਂ ਇਕ ਕਵਿਤਾ ਦੇ ਸਿਰਲੇਖ ਕਰਕੇ ਹੀ ਰੱਖਿਆ ਗਿਆ ਹੈ ਪ੍ਰੰਤੂ ਇਹ ਸਮਾਜ ਦੀ ਮਾਨਸਿਕਤਾ ਦਾ ਪ੍ਰਤੀਕ ਹੈ। ਮਨੀ ਪਲਾਂਟ ਨਾਮ ਆਰਥਿਕਤਾ ਦਾ ਇਜ਼ਹਾਰ ਕਰਦਾ ਹੈ। ਰੁਪਇਆ ਪੈਸਾ ਭਾਵੇਂ ਜ਼ਿੰਦਗੀ ਜਿਓਣ ਲਈ ਜ਼ਰੂਰੀ ਹੁੰਦਾ ਹੈ ਪ੍ਰੰਤੂ ਸਭ ਕੁਝ ਨਹੀਂ ਹੁੰਦਾ। ਲੋਕ ਪੈਸਾ ਕਮਾਉਣ ਲਈ ਹਰ ਹੀਲਾ ਵਰਤਕੇ ਹਰ ਗ਼ਲਤ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਕਾਵਿ ਸੰਗ੍ਰਹਿ ਵਿੱਚ ਇਨ੍ਹਾਂ ਵਿਸੰਗਤੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਆਮ ਤੌਰ 'ਤੇ ਘਰਾਂ ਵਿੱਚ ਮਨੀ ਪਲਾਂਟ ਲਗਾਕੇ ਵਹਿਮ ਪਾਲਿਆ ਜਾਂਦਾ ਹੈ ਕਿ ਪਰਿਵਾਰ ਦੀ ਆਰਥਿਕ ਹਾਲਤ ਮਜ਼ਬੂਤ ਹੋਵੇਗੀ। ਮਨੁੱਖ ਵੀ ਪੈਸੇ ਕਮਾਉਣ ਦਾ ਸਾਧਨ ਸਮਝਿਆ ਜਾਂਦਾ ਹੈ। ਇਸ ਲਈ ਉਸ ਦੇ ਮਨ ਅੰਦਰ ਹਮੇਸ਼ਾ ਪੈਸੇ ਕਮਾਉਣ ਦੇ ਸਾਧਨ ਬਣਾਉਣ ਲਈ ਉਥਲ ਪੁਥਲ ਹੁੰਦੀ ਰਹਿੰਦੀ ਹੈ। ਇਸ ਲਈ ਮਨੀ ਪਲਾਂਟ ਅਤੇ ਆਦਮੀ ਇੱਕੋ ਸਿੱਕੇ ਦੇ ਦੋ ਪਾਸੇ ਹਨ। ਸਮਾਜ ਇਕ ਦੂਜੇ ਦੀ ਮਾਨਸਿਕਤਾ ਨੂੰ ਸਮਝਣ ਦੇ ਆਹਰੇ ਲੱਗਿਆ ਰਹਿੰਦਾ ਹੈ ਪ੍ਰੰਤੂ ਇਨਸਾਨ ਦੇ ਅੰਦਰ ਜਿਹੜੇ ਭਾਂਬੜ ਮੱਚਦੇ ਹਨ ਅਤੇ ਜੋ ਅੱਗ ਸੁਲਗਦੀ ਹੈ, ਉਸ ਬਾਰੇ ਜਾਣਨਾ ਮੁਸ਼ਕਲ ਹੁੰਦਾ ਹੈ। ਸਮਾਜ ਵਿੱਚ ਵਹਿਮਾਂ ਭਰਮਾ ਨੂੰ ਵੀ ਚੁਣੌਤੀ ਦਿੱਤੀ ਗਈ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵੀ ਇਹੋ ਕੁਝ ਦਰਸਾ ਰਹੀਆਂ ਹਨ। ਕਵੀ ਜੋ ਸਮਾਜਿਕ ਤਾਣੇ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਵੇਖਦਾ ਰਿਹਾ ਹੈ, ਉਨ੍ਹਾਂ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਅਜਿਹੀਆਂ ਨੀਤੀਆਂ ਜਿਨ੍ਹਾਂ ਨਾਲ ਆਮ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਸਭਿਅਚਾਰਕ ਜਨ ਜੀਵਨ ਤੇ ਮਾੜਾ ਪ੍ਰਭਾਵ ਪੈਂਦਾ ਹੈ, ਉਨ੍ਹਾਂ ਬਾਰੇ ਕਵਿਤਾਵਾਂ ਲਿਖਕੇ ਸਮਾਜਿਕ ਸਰੋਕਾਰਾਂ ਦਾ ਮੁੱਦਈ ਹੋਣ ਦਾ ਸਬੂਤ ਦਿੱਤਾ ਹੈ। ਮਨੀ ਪਲਾਂਟ ਕਾਵਿ ਸੰਗ੍ਰਹਿ ਵਿੱਚ 74 ਕਵਿਤਾਵਾਂ ਹਨ ਜੋ ਮਨੁੱਖਤਾ ਦੀ ਮਾਨਸਿਕਤਾ ਅਤੇ ਸਮਾਜਿਕਤਾ ਦੇ ਅਨੇਕਾਂ ਰੰਗ ਖਿਲਾਰ ਰਹੀਆਂ ਹਨ। ਸ਼ਾਇਰ ਦੀਆਂ ਕਵਿਤਾਵਾਂ ਤੋਂ ਪਤਾ ਲੱਗਦਾ ਹੈ ਕਿ ਉਹ ਸਾਹਿਤ/ਕਲਾ, ਕਲਾ ਲਈ ਨਹੀਂ ਸਗੋਂ ਲੋਕਾਂ ਦੇ ਦੁੱਖ ਦਰਦ ਦਾ ਪ੍ਰਗਟਾਵਾ ਕਰਨ ਵਾਲੀ ਹੋਣੀ ਚਾਹੀਦੀ ਹੈ। ਕਾਵਿ ਸੰਗ੍ਰਹਿ ਦੀ ਪਹਿਲੀ ਕਵਿਤਾ ਹੀ ਮਨੁੱਖਤਾ ਦੇ ਮਨ ਦੇ ਵਿਕਾਰਾਂ ਦੀ ਧੂੜ ਨੂੰ ਗੁਰਬਾਣੀ ਦੇ ਪਵਿਤਰ ਕੀਰਤਨ ਨਾਲ ਨਿਰਮਲ ਕਰਨ ਦੀ ਤਾਕੀਦ ਕਰਦੀ ਹੈ। ਦੂਜੀ ਕਵਿਤਾ ਮਾਂ ਤੋਂ ਸ਼ੁਰੂ ਹੋ ਕੇ ਧੀ ਅਤੇ ਫਿਰ ਇਸਤਰੀਆਂ ਨਾਲ ਮਰਦਾ ਪ੍ਰਧਾਨ ਸਮਾਜ ਵੱਲੋਂ ਕੀਤੇ ਜਾਂਦੇ ਬਲਾਤਕਾਰਾਂ ਦੇ ਸੰਤਾਪ ਦਾ ਜ਼ਿਕਰ ਕਰਦੀ ਹੈ। ਉਹ ਮਾਂ ਤੇ ਧੀ ਆਪਣੇ ਪਰਿਵਾਰ ਅਤੇ ਮਰਦ ਦੀ ਬਿਹਤਰੀ ਤੇ ਸਫਲਤਾ ਲਈ ਸੁਪਨੇ ਸਿਰਜਦੀਆਂ ਹਨ ਪ੍ਰੰਤੂ ਮਰਦ ਦੀ ਮਾਨਸਿਕਤਾ ਉਨ੍ਹਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਤੋਂ ਬਾਜ਼ ਨਹੀਂ ਆਉਂਦਾ। ਇਨ੍ਹਾਂ ਕਵਿਤਾਵਾਂ ਵਿੱਚ ਇਨਸਾਨ ਦੀਆਂ ਕੋਝੀਆਂ ਚਾਲਾਂ ਬਾਰੇ ਵੀ ਦੱਸਿਆ ਗਿਆ ਹੈ, ਜਿਵੇਂ ਭਰਿਸ਼ਟਾਚਾਰ ਅਤੇ ਮਰਦ ਦੀ ਮਾਨਸਿਕਤਾ ਬਾਰੇ ਅਸ਼ਲੀਲ ਕਵਿਤਾ ਵਿੱਚ ਸ਼ਾਇਰ ਦੋਹਰੇ ਅਰਥਾਂ ਵਾਲੀ ਗੱਲ ਕਰਦਾ ਲਿਖਦਾ ਹੈ:

ਪਰ ਕਿੱਥੇ ਹੁੰਦਾ ਹੈ ਕਲਾਤਮਿਕ ਜਿਹਾ
ਭੁੱਖੇ ਢਿੱਡ ਦੀ ਕਥਾ ਕਹਿੰਦੀ ਕਵਿਤਾ ਵਿੱਚ
ਭ੍ਰਿਸ਼ਟਾਚਾਰ ਦੀ ਗੱਲ ਕਰਦੀ ਕਵਿਤਾ
ਨਹੀਂ ਦਮ ਭਰਦੀ ਕਲਾਕਾਰੀ ਦਾ
ਸੜਕ ਦੇ ਵਿੱਚਕਾਰ ਦੌੜਦੀਆਂ
ਔਰਤ ਦੇ ਨੰਗੇ ਸਿਰ ਤੋਂ ਸ਼ੁਰੂ ਹੋ
ਮਰਦ ਦੀ ਨੰਗੀ ਸੋਚ ਤੱਕ ਸਿਮਟਦੀ ਹੈ
ਲਿੰਗ ਭੇਦ ਦੀ ਕਥਾ ਕਹਿੰਦੀ ਕਵਿਤਾ।

ਕਵੀ ਬਹੁਤ ਸਾਰੇ ਵਿਸ਼ੇ ਸਿੰਬਾਲਿਕ ਢੰਗ ਨਾਲ ਛੋਂਹਦਾ ਹੈ, ਮੁੰਡਿਆਂ ਨੂੰ ਫ਼ੌਜੀ ਵਰਦੀ, ਜੰਗ ਤੋਂ ਬਾਅਦ ਦੀ ਦੁਰਦਸ਼ਾ, ਨਾਗਰਿਕਤਾ ਕਾਨੂੰਨ, ਇੱਕ ਭਾਸ਼ਾ ਇਕ ਦੇਸ਼, ਮੁਫ਼ਤਖੋਰੀ ਦੇ ਨੁਕਸਾਨ, ਚਮਚਿਆਂ ਦਾ ਯੋਗਦਾਨ, ਜ਼ੁਲਮੀ ਲੋਕ, ਧਾਰਮਿਕ ਕੱਟੜਤਾ ਆਦਿ। ਇਨ੍ਹਾਂ ਵਿਸ਼ਿਆਂ ਵਾਲੀਆਂ ਕਵਿਤਾਵਾਂ ਸਮਾਜ ਦਾ ਕੋਝਾ ਰੂਪ ਦਰਸਾਉਂਦੀਆਂ ਹੋਈਆਂ ਇਨਸਾਨੀ ਮਾਨਸਿਕਤਾ ਨੂੰ ਕੁਰੇਦਦੀਆਂ ਹਨ। ਕਵੀ ਦੀਆਂ ਕਵਿਤਾਵਾਂ ਸਿਆਸਤਦਾਨਾ ਦੀ ਧਾਰਮਿਕ ਕੱਟੜਤਾ, ਬੇਰੋਜ਼ਗਾਰੀ, ਕਿਸਾਨੀ ਖ਼ੁਦਕਸ਼ੀਆਂ, ਸ਼ੋਸ਼ਲ ਮੀਡੀਆ ਵਿੱਚ ਜ਼ਾਅਲੀ ਅਕਾਊਂਟ, ਸਮੇਂ ਦੀ ਨਜ਼ਾਕਤ ਨੂੰ ਨਾ ਸਮਝਣਾ, ਮਨੁੱਖ ਦਾ ਮਨੀ ਪਲਾਂਟ ਦੀ ਤਰ੍ਹਾਂ ਵਿਚਰਣਾ, ਅਮੀਰ ਗ਼ਰੀਬ ਦਾ ਪਾੜਾ, ਬੇਘਰੇ ਲੋਕਾਂ ਦੀ ਤ੍ਰਾਸਦੀ, ਆਪਣੇ ਅੰਦਰ ਝਾਤ ਨਾ ਮਾਰਨਾ, ਮਿਹਨਤ ਤੋਂ ਪ੍ਰਹੇਜ, ਨੀਰਸ ਹੋਣਾ, ਮਨ ਦੀ ਧੂੜ ਨਾ ਲਾਹੁਣੀ, ਸਚਾਈ ਤੇ ਪਹਿਰਾ ਨਾ ਦੇਣਾ, ਸਾਹਿਤਕਾਰਾਂ ਦਾ ਮੁੱਖ ਮੁਦਿਆਂ ਤੋਂ ਪਾਸਾ ਵੱਟਣਾ, ਸਚਾਈ ਤੇ ਨਾ ਖੜ੍ਹਨਾ, ਜ਼ੁਲਮਾ ਦਾ ਵਿਰੋਧ ਨਾ ਕਰਨਾ, ਫ਼ਿਰਕਾਪ੍ਰਤੀ, ਦੇਸ਼ ਧਰੋਹ ਦੇ ਗ਼ਲਤ ਅਰਥ ਕੱਢਣੇ, ਬਜ਼ੁਰਗਾਂ, ਬੱਚਿਆਂ ਅਤੇ ਨੌਜਵਾਨਾ ਦੀ ਅਣਵੇਖੀ ਵਰਗੇ ਮਹੱਤਵਪੂਰਨ ਵਿਸ਼ਿਆਂ ਨੂੰ ਬਾਖ਼ੂਬੀ ਕਵਿਤਾਵਾਂ ਵਿੱਚ ਚਿਤਰਿਆ ਹੈ ਤਾਂ ਜੋ ਲੋਕ ਪ੍ਰੇਰਨਾ ਲੈ ਕੇ ਆਪਣਾ ਭਵਿਖ ਸੁਨਹਿਰਾ ਬਣਾ ਸਕਣ। ਕਤਾਰ ਸਿਰਲੇਖ ਵਾਲੀ ਕਵਿਤਾ ਵਿੱਚ ਦਰਸਾਇਆ ਗਿਆ ਹੈ ਕਿ ਮਿਹਨਤਕਸ਼ਾਂ ਦੀ ਮਿਹਨਤ ਦਾ ਮੁੱਲ ਨਹੀਂ ਪੈਂਦਾ ਸਗੋਂ ਉਨ੍ਹਾਂ ਦੀ ਮਿਹਨਤ ਦਾ ਫਲ ਵਿਓਪਾਰੀ ਆਰਥਾਤ ਵੱਡੇ ਮਗਰਮੱਛ ਨਿਗਲ ਜਾਂਦੇ ਹਨ। ਮੌਕਾਪ੍ਰਸਤੀ ਦਾ ਜ਼ਮਾਨਾ ਹੈ। ਪਿਆਰ ਸਿਰਲੇਖ ਵਾਲੀਆਂ ਦੋਵੇਂ ਕਵਿਤਾਵਾਂ ਦਾ ਸਿੱਟਾ ਨਿਕਲਦਾ ਹੈ ਕਿ ਪਿਆਰ ਦੁਕਾਨਦਾਰੀ ਬਣ ਗਿਆ ਹੈ। ਪਿਆਰ ਵਿੱਚ ਧੋਖੇ, ਫਰੇਬ ਅਤੇ ਚਲਾਕੀਆਂ ਚਲਦੀਆਂ ਹਨ ਅਤੇ ਮਾਸੂਮਾ ਨਾਲ ਹੋ ਰਹੇ ਖਿਲਵਾੜ ਦਾ ਜ਼ਿਕਰ ਕੀਤਾ ਗਿਆ ਹੈ। ਖੋਖਲੇ ਲੋਕਤੰਤਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਪਰਦਾ ਫਾਸ਼ ਕੀਤਾ ਗਿਆ ਹੈ। ਕਿੱਸਾ ਕਵਿਤਾ ਵਿੱਚ ਝੂਠੇ ਵਾਅਦਿਆਂ, ਖਾਈ ਵਿੱਚ ਜ਼ਾਤਪਾਤ, ਇਮੋਜੀ ਵਿੱਚ ਪਰਵਾਸ ਦੀ ਚਕਾਚੌਂਦ ਤੇ ਉਸ ਦੀ ਤ੍ਰਾਸਦੀ, ਬੇਬੇ ਵਿੱਚ ਦੇਸ਼ ਦੀ ਵੰਡ ਤੇ ਵਿਰਾਸਤ ਦੀ ਹੂਕ ਦਾ ਵਿਸ਼ਲੇਸ਼ਣ ਹੈ। ਰਿਜ਼ਰਵੇਸ਼ਨ ਕਵਿਤਾ ਵਿੱਚ ਗ਼ਰੀਬ ਅਤੇ ਅਮੀਰ ਬੱਚਿਆਂ ਦੀ ਪੜ੍ਹਾਈ ਦੇ ਮੌਕਿਆਂ ਦਾ ਅੰਤਰ, ਦੋਹਾਂ ਵਿੱਚ ਇਨਸਾਨੀਅਤ ਦਾ ਘਾਣ, ਇਲਕਲਾਬ ਵਿੱਚ ਸੁਪਨਿਆਂ ਦਾ ਮਰਨਾ, ਨਸ਼ਲਕੁਸ਼ੀ ਵਿੱਚ ਚੈਨਲਾਂ 'ਤੇ ਝੂਠ ਤੇ ਕੁਫਰ ਦੇ ਪ੍ਰਚਾਰ ਨਾਲ ਝੂਠ ਨੂੰ ਸੱਚ ਬਣਾਉਣ, ਸੁਆਹ ਵਿੱਚ 1984 ਦੇ ਕਤਲੇਆਮ ਦੀ ਤ੍ਰਾਸਦੀ ਅਤੇ ਵਹਿਮਾ ਨਾਲ ਨਫ਼ਰਤ ਦਾ ਫ਼ੈਲਾਉਣਾ ਦਰਸਾਇਆ ਗਿਆ ਹੈ। ਜੰਗਲ ਨਾਮ ਦੀ ਕਵਿਤਾ ਵਿੱਚ ਇਨਸਾਨ ਨੂੰ ਆਪਣੇ ਅੰਦਰਲੇ ਜਾਨਵਰ ਨੂੰ ਮਾਰਨ ਦੀ ਨਸੀਅਤ ਦਿੱਤੀ ਗਈ ਹੈ ਤਾਂ ਜੋ ਇਨਸਾਨੀਅਤ ਬਰਕਰਾਰ ਰਹਿ ਸਕੇ। ਕੰਧ ਵਿੱਚ ਸਮੇਂ ਦੇ ਲੰਘਣ ਨਾਲ ਸੋਚ ਬਦਲਦੀ ਹੈ। ਐਤਵਾਰ ਕਵਿਤਾ ਵਿੱਚ ਕਿਹਾ ਕਿ ਚੰਗੀ ਜ਼ਿੰਦਗੀ ਜਿਓਣ ਲਈ ਲਗਾਤਾਰ ਮਿਹਨਤ ਦੀ ਲੋੜ ਹੁੰਦੀ ਹੈ, ਯੁਗ ਵਿੱਚ ਆਧੁਨਿਕਤਾ ਵਿਰਾਸਤ ਨੂੰ ਖ਼ਤਮ ਕਰਦੀ ਹੈ, ਡਰ ਜਾਣਾ ਵਿੱਚ ਚੁਗਲਖ਼ੋਰੀ, ਮੱਧ ਵਰਗ ਦੀਆਂ ਔਰਤਾਂ ਦੀ ਸੋਚ ਬਦਲਦੀ ਰਹਿੰਦੀ ਹੈ ਤੇ ਉਹ ਆਪਣੀਆਂ ਅਧੂਰੀਆਂ ਇਛਾਵਾਂ ਆਪਣੀ ਔਲਾਦ ਰਾਹੀਂ ਪੂਰੀਆਂ ਕਰਦੀਆਂ ਹਨ। ਹਰਦੀਪ ਸੱਭਰਵਾਲ ਨੇ ਸਮਜ ਵਿੱਚ ਵਾਪਰ ਰਹੀਆਂ ਸਾਰੀਆਂ ਘਟਨਾਵਾਂ ਸੰਬੰਧੀ ਕਵਿਤਾਵਾਂ ਲਿਖਕੇ ਲੋਕਾਈ ਨੂੰ ਜਾਗ੍ਰਤ ਕਰਨ ਦਾ ਉਪਰਾਲਾ ਕੀਤਾ ਹੈ।

104 ਪੰਨਿਆਂ, 180 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।




# ਕਿਸਾਨ ਜਗਮੀਤ ਸਿੰਘ ਭਲਾਈਆਣਾ ਨੇ ਖੇਤੀ ਨੂੰ ਦਿੱਤਾ ਨਵਾਂ ਰੂਪ

## ਫੂਡ ਪ੍ਰੋਸੈਸਿੰਗ ਰਾਹੀਂ ਹੱਥੀ ਸਮਾਨ ਤਿਆਰ ਕਰਕੇ ਖੁਦ ਕਰਦਾ ਹੈ ਮੰਡੀਕਰਨ



ਸ੍ਰੀ ਮੁਕਤਸਰ ਸਾਹਿਬ, 14 ਜਨਵਰੀ (ਗਿਆਨ ਸਿੰਘ ): ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਭਲਾਈਆਣਾ ਦੇ ਕਿਸਾਨ ਜਗਮੀਤ ਸਿੰਘ ਨੇ ਆਪਣੀ ਖੇਤੀ ਨੂੰ ਨਵਾਂ ਰੂਪ ਦਿੱਤਾ ਹੈ। ਜਿੱਥੇ ਉਹ ਹੱਥੀ ਕੰਮ ਕਰਕੇ ਉੱਚ ਪੱਧਰ ਦੀ ਪੈਦਾਵਾਰ ਕਰਦਾ ਹੈ, ਉਥੇ ਹੀ ਉਹ ਆਪਣੇ ਉਤਪਾਦਾਂ ਦੀ ਪ੍ਰੋਸੈਸਿੰਗ ਕਰਕੇ ਖੁਦ ਮੰਡੀਕਰਨ ਕਰਦਾ ਹੈ ਜਿਸ ਨਾਲ ਉਸ ਲਈ ਆਮਦਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਸਥਾਪਿਤ ਹੁਨਰ ਹਾਟ ਵਿੱਚ ਆਪਣਾ ਸਮਾਨ ਲੈ ਕੇ ਪਹੁੰਚੇ ਜਗਮੀਤ ਸਿੰਘ ਨੇ ਦੱਸਿਆ ਕਿ ਇਹ ਪੰਜਾਬ ਸਰਕਾਰ ਦਾ ਵਧੀਆ ਉਪਰਾਲਾ ਹੈ ਜਿੱਥੇ ਉਹਨਾਂ ਵਰਗੇ ਛੋਟੇ ਕਿਸਾਨਾਂ ਨੂੰ ਇੱਕ ਮੰਚ ਮਿਲਿਆ ਹੈ ਜਿੱਥੇ ਉਹ ਆਪਣੇ ਸਮਾਨ ਦੀ ਵਿਕਰੀ ਕਰ ਸਕਦੇ ਹਨ ਵੱਖ-ਵੱਖ ਪ੍ਰਕਾਰ ਦੇ ਅਚਾਰ ਅਤੇ ਹੋਰ ਖਾਣ ਯੋਗ ਸਮੱਗਰੀ ਆਪਣੇ ਘਰ ਹੀ ਤਿਆਰ ਕਰਦੇ ਹਨ ਅਤੇ ਵੱਖ-ਵੱਖ ਮੇਲਿਆਂ, ਕਿਸਾਨ ਮੇਲਿਆਂ ਵਿੱਚ ਵਿਕਰੀ ਕਰਦੇ ਹਨ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਬਜ਼ੀਆਂ ਦੀ ਸਾਂਭ ਸੰਭਾਲ ਸਬੰਧੀ ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਤੋਂ ਵੀ ਸਿਖਲਾਈ ਪ੍ਰਾਪਤ ਕੀਤੀਕੀਤੀ ਹੈ।

ਉਹਨਾਂ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ ਉਹਨਾਂ ਨੇ ਹੋਰ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਫੂਡ ਪ੍ਰੋਸੈਸਿੰਗ ਅਤੇ ਸਵੈ ਮੰਡੀਕਰਨ ਦੇ ਯਤਨ ਕਰਨ।

ਇਸ ਤੋਂ ਬਿਨਾਂ ਉਹ ਬੱਕਰੀ ਪਾਲਣ ਵੀ ਕਰਦੇ ਹਨ ਅਤੇ ਉਨਾਂ ਦਾ ਕਹਿਣਾ ਹੈ ਕਿ ਇਸ ਤਰੀਕੇ ਨਾਲ ਵੀ ਕਿਸਾਨ ਸਹਾਇਕ ਧੰਦਿਆਂ ਦੇ ਸਹਾਰੇ ਆਪਣੀ ਆਮਦਨ ਵਾਧਾ ਕਰ ਸਕਦੇ ਹਨ। ਉਹ ਹਰ ਐਤਵਾਰ ਪਿੰਡ ਭਲਾਈਆਣਾ ਵਿਖੇ ਬੱਕਰੀਆਂ ਦੀ ਮੰਡੀ ਦਾ ਆਯੋਜਨ ਵੀ ਕਰਦੇ ਹਨ ਜਿਸ ਨਾਲ ਹੋਰਨਾਂ ਕਿਸਾਨਾਂ ਨੂੰ ਵੀ ਆਪਣੇ ਜਾਨਵਰਾਂ ਦੀ ਖਰੀਦ ਵੇਚ ਕਰਨ ਵਿੱਚ ਸੌਖ ਹੁੰਦੀ ਹੈ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਦਾਖ਼ਲਾ ਪ੍ਰੀਖਿਆ ਵਿੱਚ 3000 ਤੋਂ ਵੱਧ ਉਮੀਦਵਾਰ ਬੈਠੇ

ਚੰਡੀਗੜ੍ਹ, 14 ਜਨਵਰੀ (ਗਿਆਨ ਸਿੰਘ): ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐਮ.ਆਰ.ਐਸ.ਏ.ਐਫ.ਪੀ.ਆਈ. ), ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸ਼ੁਰੂ ਹੋਣ ਵਾਲੇ 14ਵੇਂ ਕੋਰਸ ਲਈ ਅੱਜ 3018 ਉਮੀਦਵਾਰਾਂ ਨੇ ਦਾਖਲਾ ਪ੍ਰੀਖਿਆ ਦਿੱਤੀ। ਇਹ ਸੰਸਥਾ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਅਗਵਾਈ ਵਾਲੇ ਪੰਜਾਬ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਅਧੀਨ ਚੱਲ ਰਹੀ ਹੈ।

ਐਮ.ਆਰ.ਐਸ.ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ ਚੌਹਾਨ, ਵੀ.ਐਸ.ਐਮ. (ਸੇਵਾ-ਮੁਕਤ) ਨੇ ਅੱਜ ਮੋਹਾਲੀ ਵਿਖੇ ਦੋ ਪ੍ਰੀਖਿਆ ਕੇਂਦਰਾਂ ਦਾ ਅਚਨਚੇਤ ਦੌਰਾ ਕੀਤਾ। ਇਸ ਦਾਖਲਾ ਪ੍ਰੀਖਿਆ ਲਈ ਸਕੂਲ ਆਫ਼ ਐਮੀਨੈਂਸ ਫੇਜ਼ 3ਬੀ1, ਮੋਹਾਲੀ ਅਤੇ ਬੀ.ਐਸ.ਐਚ. ਆਰੀਆ ਹਾਈ ਸਕੂਲ, ਮੋਹਾਲੀ, ਡੀ.ਏ.ਵੀ. ਪਬਲਿਕ ਸਕੂਲ ਪੀ.ਏ.ਪੀ., ਜਲੰਧਰ ਅਤੇ ਆਰ.ਬੀ. ਡੀ.ਏ.ਵੀ. ਪਬਲਿਕ ਸਕੂਲ, ਬਠਿੰਡਾ ਵਿਖੇ ਚਾਰ ਪ੍ਰੀਖਿਆ ਕੇਂਦਰ ਬਣਾਏ ਗਏ ਸਨ।

ਉਨ੍ਹਾਂ ਦੱਸਿਆ ਕਿ 150 ਸਫ਼ਲ ਉਮੀਦਵਾਰਾਂ ਨੂੰ ਬਾਅਦ ਵਿੱਚ ਅੰਤਿਮ ਚੋਣ ਪ੍ਰਕਿਰਿਆ ਲਈ ਬੁਲਾਇਆ ਜਾਵੇਗਾ, ਜਿਨ੍ਹਾਂ ਵਿੱਚੋਂ 48 ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਚੁਣੇ ਗਏ ਉਮੀਦਵਾਰਾਂ ਨੂੰ ਸੰਸਥਾ ਦੇ ਸਮਰਪਿਤ ਸਟਾਫ਼ ਦੀ ਯੋਗ ਨਿਗਰਾਨੀ ਹੇਠ
ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਜਾਂ ਇਸ ਦੇ ਬਰਾਬਰ ਦੀਆਂ ਅਕੈਡਮੀਆਂ ਰਾਹੀਂ ਹਥਿਆਰਬੰਦ ਸੈਨਾਵਾਂ ਵਿੱਚ ਕਮਿ-ਸ਼ਨਡ ਅਫਸਰ ਵਜੋਂ ਭਰਤੀ ਹੋਣ ਲਈ ਸਿਖਲਾਈ ਦਿੱਤੀ ਜਾਵੇਗੀ।

ਮੇਜਰ ਜਨਰਲ ਅਜੈ ਐਚ ਚੌਹਾਨ ਨੇ ਕਿਹਾ ਕਿ ਇਸ ਇੰਸਟੀਚਿਊਟ ਦੇ ਹੁਣ ਤੱਕ 226 ਕੈਡਿਟ ਐਨ.ਡੀ.ਏ. ਸਮੇਤ ਹੋਰ ਸਰਵਿਸਿਜ਼ ਅਕੈਡਮੀਆਂ ਵਿੱਚ ਸ਼ਾਮਲ ਹੋ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਸਾਲ ਦਾਖਲਾ ਪ੍ਰੀਖਿਆ ਲਈ ਵੱਡੀ ਗਿਣਤੀ ਵਿੱਚ ਲੜਕਿਆਂ (4100) ਨੇ ਖੁਦ ਨੂੰ ਰਜਿਸਟਰ ਕੀਤਾ ਸੀ ਜੋ ਕਿ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ, ਜੋ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਠੋਸ ਯਤਨਾਂ ਅਤੇ ਸੰਸਥਾ ਦੀ ਸਫ਼ਲਤਾ ਦਾ ਸਿੱਟਾ ਹੈ।



